# ਹਾਈ ਸਟੈਂਡਰਡ ਨਿਊਜ਼

HIGH STANDARD NEWS


HIGHSTANDARDNEWS

Date 6.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਜੰਮੂ ਤੋਂ ਅਮਰਨਾਥ ਯਾਤਰਾ ਲਈ 5,800 ਸ਼ਰਧਾਲੂਆਂ ਦਾ ਜੱਥਾ ਹੋਇਆ



ਅਮਰਨਾਥ ਯਾਤਰਾ ਲਈ 5,800 ਤੋਂ ਵੱਧ ਸ਼ਰਧਾਲੂਆਂ ਦਾ ਇੱਕ ਹੋਰ ਜੱਥਾ ਸ਼ਨੀਵਾਰ ਸਵੇਰੇ ਜੰਮੂ ਦੇ ਦੋ ਬੇਸ ਕੈਂਪਾਂ ਤੋਂ ਰਵਾਨਾ ਹੋਇਆ। ਅਧਿਕਾਰੀਆਂ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਭਾਰੀ ਮੀਂਹ ਵਿਚਾਲੇ ਤੜਕੇ 2:50 ਵਜੇ ਅਤੇ 3:50 ਵਜੇ 245 ਵਾਹਨਾਂ ਦੇ ਦੋ ਵੱਖ-ਵੱਖ ਕਾਫਲਿਆਂ ਵਿੱਚ 1,118 ਔਰਤਾਂ ਅਤੇ 18 ਬੱਚਿਆਂ ਸਮੇਤ 5,876 ਸ਼ਰਧਾਲੂਆਂ ਦਾ ਨੌਂਵਾਂ ਜੱਥਾ ਭਗਵਤੀ ਨਗਰ ਬੇਸ ਕੈਂਪ ਤੋਂ ਰਵਾਨਾ ਹੋਇਆ।ਅਧਿਕਾਰੀਆਂ ਨੇ ਦੱਸਿਆ ਕਿ 3,759 ਸ਼ਰਧਾਲੂਆਂ ਦਾ ਇਕ ਜੱਥਾ 134 ਵਾਹਨਾਂ ਦੇ ਕਾਫਲੇ ਵਿੱਚ ਪਹਿਲਗਾਮ ਲਈ ਰਵਾਨਾ ਹੋਇਆ, ਜਦੋਂ ਕਿ 111 ਵਾਹਨਾਂ ਵਿੱਚ 2,117 ਸ਼ਰਧਾਲੂਆਂ ਦਾ ਇੱਕ ਹੋਰ ਜੱਥਾ ਬਾਲਟਾਲ ਲਈ ਰਵਾਨਾ ਹੋਇਆ। ਅਮਰਨਾਥ ਯਾਤਰਾ 52 ਦਿਨਾਂ ਦੀ ਹੈ। ਇਹ 29 ਜੂਨ ਨੂੰ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਅਤੇ ਗੰਦਰਬਲ ਜ਼ਿਲ੍ਹੇ ਦੇ ਬਾਲਟਾਲ ਤੋਂ ਸ਼ੁਰੂ ਹੋਇਆ ਸੀ। ਇਸ ਸਾਲ ਇਸ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਡੇਢ ਲੱਖ ਨੂੰ ਪਾਰ ਕਰ ਗਈ ਹੈ।

## ਪਹਾੜਾਂ ਕੇਕੜੇ ਫੜਦੇ ਸਮੇਂ ਰਸਤਾ ਭਟਕੇ 5 ਨੌਜਵਾਨ ਆਫਤ 'ਚ ਫਸੇ, ਮਸਾਂ ਬਚੀ ਜਾਨ



ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਵਿਚ ਇਕ ਪਹਾੜੀ 'ਤੇ ਕੇਕੜੇ ਫੜਨ ਦੌਰਾਨ ਰਾਹ ਗੁਆਉਣ ਵਾਲੇ ਪੰਜ ਲੜਕਿਆਂ ਨੂੰ ਕਈ ਰਾਹਤ ਏਜੰਸੀਆਂ ਨੇ ਸ਼ੁੱਕਰਵਾਰ ਨੂੰ ਰਾਤ ਭਰ ਚੱਲੇ ਸਾਂਝੇ ਆਪ੍ਰੇਸ਼ਨ ਵਿਚ ਬਚਾ ਲਿਆ। ਇਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਪੰਜ ਲੜਕਿਆਂ ਵਿੱਚੋਂ ਤਿੰਨ ਭਰਾ ਹਨ ਅਤੇ ਜ਼ਿਆਦਾਤਰ ਦੀ ਉਮਰ 12 ਸਾਲ ਦੇ ਕਰੀਬ ਹੈ। ਉਨ੍ਹਾਂ ਨੇ ਦੱਸਿਆ ਕਿ ਬਚਾਅ ਕਾਰਜ ਸੱਤ ਘੰਟੇ ਤੱਕ ਚੱਲਿਆ। ਠਾਣੇ ਮਿਉਂਸਪਲ ਕਾਰਪੋਰੇਸ਼ਨ (ਟੀਐਮਸੀ) ਖੇਤਰੀ ਆਫ਼ਤ ਪ੍ਰਬੰਧਨ ਸੈੱਲ (ਆਰਡੀਐਮਸੀ) ਦੇ ਮੁਖੀ ਯਾਸੀਨ ਤਡਵੀ ਨੇ ਕਿਹਾ, "ਆਜ਼ਾਦ ਨਗਰ ਖੇਤਰ ਵਿੱਚ ਦਰਗਾਹ ਗਲੀ ਦੇ ਪੰਜ ਲੜਕੇ ਸ਼ਾਮ 5 ਵਜੇ ਦੇ ਕਰੀਬ ਕੇਕੜੇ ਫੜਨ ਲਈ ਮੁੰਬਰਾ ਪਹਾੜੀਆਂ 'ਤੇ ਸਥਿਤ ਖਾਦੀ ਮਸ਼ੀਨ ਨਾਮਕ ਖੇਤਰ ਵਿੱਚ ਗਏ ਸਨ ਪਰ ਉਹ ਆਪਣਾ ਰਸਤਾ ਭੁੱਲ ਗਏ, ਜਿਸ ਤੋਂ ਬਾਅਦ ਉਨ੍ਹਾਂ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ। ਉਸ ਸਮੇਂ ਉੱਥੋਂ ਲੰਘ ਰਹੇ ਕੁਝ ਲੋਕਾਂ ਨੇ ਉਸ ਨੂੰ ਮਦਦ ਲਈ ਚੀਕਦਿਆਂ ਹੋਇਆ ਸੁਣਿਆ, ਪਰ ਉਹ ਉਹਨਾਂ ਨੂੰ ਨਹੀਂ ਲੱਭ ਸਕੇ। ਉਨ੍ਹਾਂ ਨੇ ਬਾਅਦ ਵਿੱਚ ਅੱਗ ਬੁਝਾਊ ਵਿਭਾਗ ਨੂੰ ਸੂਚਿਤ ਕੀਤਾ।" ਉਨ੍ਹਾਂ ਕਿਹਾ ਕਿ ਸੂਚਨਾ ਮਿਲਣ ਤੋਂ ਬਾਅਦ ਆਰਡੀਐਮਸੀ, ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨਡੀਆਰਐਫ), ਫਾਇਰ ਵਿਭਾਗ ਅਤੇ ਹੋਰ ਕਰਮਚਾਰੀਆਂ ਨੇ ਲੜਕਿਆਂ ਨੂੰ ਲੱਭਣ ਲਈ ਰਾਤ ਭਰ ਤਲਾਸ਼ੀ ਮੁਹਿੰਮ ਚਲਾਈ। ਤਡਵੀ ਨੇ ਕਿਹਾ, "ਬਚਾਅ ਮੁਹਿੰਮ ਚੁਣੌਤੀਪੂਰਨ ਸੀ, ਕਿਉਂਕਿ ਟੀਮ ਦੇ ਮੈਂਬਰਾਂ ਨੂੰ ਹਨੇਰੇ ਅਤੇ ਮੀਂਹ ਵਿੱਚ ਇੱਕ ਖਤਰਨਾਕ ਪਹਾੜੀ ਉੱਤੇ ਚੜ੍ਹਨਾ ਪਿਆ। ਰਾਤ 3 ਵਜੇ ਲੜਕਿਆਂ ਨੂੰ ਛੁਡਾਇਆ ਗਿਆ ਅਤੇ ਉਨ੍ਹਾਂ ਦੇ ਮਾਪਿਆਂ ਕੋਲ ਵਾਪਸ ਭੇਜ ਦਿੱਤਾ ਗਿਆ।

## 1 ਲੱਖ ਰੁਪਏ ਮਹੀਨਾ ਨੌਕਰੀ ਛੱਡ ਕੇ ਸੜਕ 'ਤੇ ਨਿਕਲਿਆ ਅਯੁੱਧਿਆ ਦਾ ਇਹ ਮੁੰਡਾ, ਹੈਰਾਨ ਕਰੇਗੀ ਵਜ੍ਹਾ



ਬਹੁਤ ਘੱਟ ਲੋਕ ਹੁੰਦੇ ਹਨ, ਜਿਹੜੇ ਆਪਣੇ ਬਾਰੇ ਸੋਚਣ ਦੀ ਬਜਾਏ ਭਵਿੱਖ ਵਿਚ ਲੋਕਾਂ ਨੂੰ ਹੋਣ ਵਾਲੀਆਂ ਦਿੱਕਤਾਂ ਨੂੰ ਲੈ ਕੇ ਜ਼ਿਆਦਾ ਫਿਕਰਮੰਦ ਰਹਿੰਦੇ ਹਨ ਅਤੇ ਅਜਿਹੇ ਵਿਚ ਜੇਕਰ ਕੋਈ ਸ਼ਖ਼ਸ ਦੂਜਿਆਂ ਦੀ ਚਿੰਤਾ ਦੇ ਚੱਕਰ ਵਿਚ ਮਹੀਨੇ ਦੀ ਲਗਭਗ ਇਕ ਲੱਖ ਰੁਪਏ ਤਨਖ਼ਾਹ ਛੱਡ ਦੇਵੇ ਤਾਂ ਇਸ ਤੋਂ ਵੀ ਅਜੀਬ ਗੱਲ ਹੋਵੇਗੀ। ਅਯੁੱਧਿਆ ਦੇ ਆਸ਼ੂਤੋਸ਼ ਪਾਂਡੇ ਅਜਿਹੇ ਹੀ ਲੋਕਾਂ ਵਿਚੋਂ ਇਕ ਹਨ, ਜਿਹੜੇ ਦੇਸ਼ ਭਰ ਵਿਚ ਵਾਤਾਵਰਣ ਦੀ ਰੱਖਿਆ ਲਈ ਨਾ ਸਿਰਫ਼ ਪੈਦਲ ਨਿਕਲੇ ਹਨ, ਸਗੋਂ ਉਨ੍ਹਾਂ ਸਾਲ ਦੀ ਲਗਭਗ 11 ਲੱਖ ਰੁਪਏ ਦੇ ਤਨਖ਼ਾਹ ਪੈਕੇਜ ਵਾਲੀ ਨੌਕਰੀ ਵੀ ਛੱਡ ਦਿੱਤੀ ਹੈ। ਦੇਸ਼ ਭਰ ਵਿਚ ਹੁਣ ਤਕ 16 ਹਜ਼ਾਰ ਕਿਲੋਮੀਟਰ ਪੈਦਲ ਚੱਲ ਕੇ ਲੋਕਾਂ ਨੂੰ ਬੂਟੇ ਲਾਉਣ ਲਈ ਜਾਗਰੂਕ ਕਰ ਰਹੇ ਹਨ।

**14000 ਕਿਲੋਮੀਟਰ ਯਾਤਰਾ ਹੋ ਚੁੱਕੀ ਹੈ ਪੂਰੀ**

ਆਸ਼ੂਤੋਸ਼ ਪਾਂਡੇ ਨੇ 22 ਦਸੰਬਰ 2022 ਨੂੰ ਵਾਤਾਵਰਣ ਦੀ ਰੱਖਿਆ ਲਈ ਇਕ ਮੁਹਿੰਮ ਚਲਾਈ, ਜਿਸ ਤਹਿਤ ਉਨ੍ਹਾਂ 16000 ਕਿਲੋਮੀਟਰ ਪੈਦਲ ਯਾਤਰਾ ਕਰਕੇ ਦੇਸ਼ ਭਰ ਦੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਅਤੇ ਵੱਧ ਤੋਂ ਵੱਧ ਬੂਟੇ ਲਾਉਣ ਦਾ ਟੀਚਾ ਰੱਖਿਆ। 16000 ਵਿਚੋਂ ਪੰਜਾਬ ਆਉਂਦੇ-ਆਉਂਦੇ ਲੱਗਭਗ 14000 ਕਿਲੋਮੀਟਰ ਦੀ ਯਾਤਰਾ ਉਹ ਕਰ ਚੁੱਕੇ ਹਨ। ਇਸ ਯਾਤਰਾ ਦੌਰਾਨ ਹੁਣ ਤਕ ਉਨ੍ਹਾਂ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਛੱਤੀਸਗੜ੍ਹ, ਓਡਿਸ਼ਾ, ਆਂਧਰਾ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ, ਕੇਰਲਾ, ਕਰਨਾਟਕਾ, ਗੋਆ, ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਲੱਦਾਖ, ਕਸ਼ਮੀਰ ਅਤੇ ਪੰਜਾਬ ਦੀ ਯਾਤਰਾ ਕੀਤੀ ਹੈ। ਪੰਜਾਬ ਵਿਚ ਆਸ਼ੂਤੋਸ਼ ਨੇ ਪਠਾਨਕੋਟ, ਹੁਸ਼ਿਆਰਪੁਰ ਅਤੇ ਜਲੰਧਰ ਵਿਚ ਆਪਣੀ ਮੁਹਿੰਮ ਨੂੰ ਜਾਰੀ ਰੱਖਦਿਆਂ ਅੰਮ੍ਰਿਤਸਰ, ਸੁਲਤਾਨਪੁਰ ਲੋਧੀ ਅਤੇ ਚੰਡੀਗੜ੍ਹ ਦਾ ਟੀਚਾ ਰੱਖਿਆ ਹੈ।

**ਵਾਤਾਵਰਣ ਨੂੰ ਬਚਾਉਣ ਲਈ ਬਚਿਆ 5 ਸਾਲ ਦਾ ਸਮਾਂ**

ਆਸ਼ੂਤੋਸ਼ ਦੱਸਦੇ ਹਨ ਕਿ ਦੁਨੀਆ ਭਰ ਵਿਚ ਵਾਤਾਵਰਣ ਲਗਾਤਾਰ ਖ਼ਰਾਬ ਹੋ ਰਿਹਾ ਹੈ। ਵਾਤਾਵਰਣ ਨੂੰ ਬਚਾਉਣ ਲਈ ਲਗਭਗ 5 ਸਾਲ ਦਾ ਸਮਾਂ ਬਚਿਆ ਹੈ ਅਤੇ ਜੇਕਰ ਅਜੇ ਵੀ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਾਲਾਂ ਵਿਚ ਦੁਨੀਆ ਭਰ ਦੇ ਵਾਤਾਵਰਣ 'ਤੇ ਬੁਰਾ ਅਸਰ ਪਵੇਗਾ। ਗਰਮੀ ਵਿਚ ਸਰਦੀ ਅਤੇ ਸਰਦੀ ਵਿਚ ਗਰਮੀ ਦੇ ਨਾਲ-ਨਾਲ ਹੀਟਵੇਵ ਅਤੇ ਬਾਰਿਸ਼ ਨੂੰ ਲੈ ਕੇ ਵੀ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਇਹ ਮੁਹਿੰਮ ਕੋਰੋਨਾ ਕਾਲ ਵਿਚ ਆਪਣੇ ਇਕ ਦੋਸਤ ਦੀ ਆਕਸੀਜਨ ਦੀ ਘਾਟ ਨਾਲ ਹੋਈ ਮੌਤ ਨੂੰ ਲੈ ਕੇ ਚਲਾਈ ਸੀ।

ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਬੂਟੇ ਨਹੀਂ ਲਾਏ ਜਾਣਗੇ ਤਾਂ ਆਉਣ ਵਾਲਾ ਸਮਾਂ ਬੇਹੱਦ ਖ਼ਤਰਨਾਕ ਹੋਵੇਗਾ। ਭਾਰਤ ਵਿਚ ਪ੍ਰਤੀ ਵਿਅਕਤੀ ਵੱਲੋਂ ਘੱਟ ਤੋਂ ਘੱਟ 12 ਬੂਟੇ ਲਾਏ ਜਾਣ ਤਾਂ ਹੀ ਵਾਤਾਵਰਣ ਨੂੰ ਬਚਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਸਫ਼ਲਤਾ ਮਿਲੇਗੀ। ਆਸ਼ੂਤੋਸ਼ ਦੀ ਇਹ ਯਾਤਰਾ ਜਨਵਰੀ 2026 ਅਯੁੱਧਿਆ ਵਿਚ ਸਮਾਪਤ ਹੋਵੇਗੀ ਅਤੇ ਉਸ ਦੌਰਾਨ ਅਯੁੱਧਿਆ ਵਿਚ 1 ਲੱਖ ਬੂਟੇ ਲਾਏ ਜਾਣਗੇ, ਜਿਸ ਨੂੰ ਸ਼੍ਰੀ ਰਾਮ ਵਾਟਿਕਾ ਦਾ ਨਾਂ ਦਿੱਤੇ ਜਾਣ ਦੀ ਯੋਜਨਾ ਹੈ। ਸਿਰਫ਼ 25 ਸਾਲ ਦੇ ਆਸ਼ੂਤੋਸ਼ ਕਹਿੰਦੇ ਹਨ ਕਿ ਦੇਸ਼ ਭਰ ਦੇ ਨੌਜਵਾਨਾਂ ਨੂੰ ਇਸ ਮਾਮਲੇ ਵਿਚ ਬੀੜਾ ਉਠਾਉਣਾ ਹੋਵੇਗਾ।

## ਸਟੇਨਲੈੱਸ ਸਟੀਲ ਅਤੇ ਐਲੂਮੀਨੀਅਮ ਦੇ ਭਾਂਡਿਆਂ ਲਈ ISI ਮਾਰਕ ਹੋਇਆ ਲਾਜ਼ਮੀ



ਆਉਣ ਵਾਲੇ ਸਮੇਂ 'ਚ ਬਾਜ਼ਾਰ 'ਚ ਤੁਹਾਨੂੰ ਚੰਗੀ ਕੁਆਲਿਟੀ ਦੇ ਸਟੀਲ ਅਤੇ ਐਲੂਮੀਨੀਅਮ ਦੇ ਭਾਂਡੇ ਮਿਲ ਸਕਣਗੇ। ਦਰਅਸਲ, ਵਣਜ ਅਤੇ ਉਦਯੋਗ ਮੰਤਰਾਲਾ ਦੇ ਤਹਿਤ ਉਦਯੋਗ ਅਤੇ ਅੰਦਰੂਨੀ ਵਪਾਰ ਪ੍ਰਮੋਸ਼ਨ ਵਿਭਾਗ (ਡੀ. ਪੀ. ਆਈ. ਆਈ. ਟੀ.) ਨੇ ਸਟੇਨਲੈੱਸ ਸਟੀਲ ਅਤੇ ਐਲੂਮੀਨੀਅਮ ਦੇ ਰਸੋਈ ਦੇ ਭਾਂਡਿਆਂ ਦਾ ਰਾਸ਼ਟਰੀ ਗੁਣਵੱਤਾ ਮਿਆਰਾਂ ਮੁਤਾਬਕ ਹੋਣਾ ਲਾਜ਼ਮੀ ਕਰ ਦਿੱਤਾ ਹੈ। ਭਾਵ ਇਨ੍ਹਾਂ ਭਾਂਡਿਆਂ 'ਤੇ ਆਈ. ਐੱਸ. ਆਈ. ਮਾਰਕ ਹੁਣ ਜ਼ਰੂਰੀ ਕਰ ਦਿੱਤਾ ਗਿਆ ਹੈ।

ਇਹ ਕਦਮ ਖਪਤਕਾਰ ਸੁਰੱਖਿਆ ਅਤੇ ਉਤਪਾਦ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਚੁੱਕਿਆ ਗਿਆ ਹੈ। ਭਾਰਤੀ ਸਟੈਂਡਰਡ ਬਿਊਰੋ (ਬੀ . ਆਈ. ਐੱਸ.) ਨੇ ਇਹ ਜਾਣਕਾਰੀ ਦਿੱਤੀ।

ਉਤਪਾਦ ਦੀ ਗੁਣਵੱਤਾ ਅਤੇ ਸੁਰੱਖਿਆ ਦਾ ਭਰੋਸਾ

ਡੀ. ਪੀ. ਆਈ. ਆਈ. ਟੀ. ਨੇ ਇਸ ਸਬੰਧ 'ਚ 14 ਮਾਰਚ ਨੂੰ ਗੁਣਵੱਤਾ ਕੰਟਰੋਲ ਹੁਕਮ ਜਾਰੀ ਕੀਤਾ ਸੀ। ਬੀ. ਆਈ. ਐੱਸ. ਨੇ ਇੰਡੀਅਨ ਸਟੈਂਡਰਡਜ਼ ਇੰਸਟੀਚਿਊਟ (ਆਈ. ਐੱਸ. ਆਈ.) ਚਿੰਨ੍ਹ ਨੂੰ ਨਿਰਧਾਰਤ ਕੀਤਾ ਹੈ। ਇਹ ਉਤਪਾਦ ਦੀ ਗੁਣਵੱਤਾ ਅਤੇ ਸੁਰੱਖਿਆ ਦਾ ਭਰੋਸਾ ਦਿੰਦਾ ਹੈ।

ਬੀ. ਆਈ. ਐੱਸ. ਮੁਤਾਬਕ ਹੁਕਮ 'ਚ ਅਜਿਹੇ ਕਿਸੇ ਵੀ ਸਟੇਨਲੈੱਸ ਸਟੀਲ ਜਾਂ ਐਲੂਮੀਨੀਅਮ ਭਾਂਡਿਆਂ ਦੇ ਵਿਨਿਰਮਾਣ, ਦਰਾਮਦ, ਵਿਕਰੀ, ਵੰਡ, ਭੰਡਾਰਣ ਜਾਂ ਪ੍ਰਦਰਸ਼ਨ 'ਤੇ ਰੋਕ ਲਾਈ ਗਈ ਹੈ, ਜਿਨ੍ਹਾਂ 'ਤੇ ਬੀ. ਆਈ. ਐੱਸ. ਸਟੈਂਡਰਡ ਮਾਰਕ ਨਾ ਹੋਵੇ।

ਹੁਕਮ ਦੀ ਪਾਲਣਾ ਨਾ ਕਰਨ 'ਤੇ ਲੱਗੇਗਾ ਜੁਰਮਾਨਾ

ਬਿਆਨ 'ਚ ਕਿਹਾ ਗਿਆ, ਹੁਕਮ ਦੀ ਪਾਲਣਾ ਨਾ ਕਰਨ 'ਤੇ ਜੁਰਮਾਨਾ ਲਾਇਆ ਜਾਵੇਗਾ, ਜੋ ਖਪਤਕਾਰ ਸੁਰੱਖਿਆ ਅਤੇ ਉਤਪਾਦ ਅਖੰਡਤਾ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਕਦਮ ਬੀ. ਆਈ. ਐੱਸ. ਵੱਲੋਂ ਰਸੋਈ ਦੇ ਸਾਮਾਨ ਲਈ ਹਾਲ ਹੀ 'ਚ ਤਿਆਰ ਕੀਤੇ ਗਏ ਵਿਆਪਕ ਮਿਆਰਾਂ ਮੁਤਾਬਕ ਹੈ।

ਇਸ 'ਚ ਸਟੇਨਲੈੱਸ ਸਟੀਲ ਲਈ ਆਈ. ਐੱਸ 14756 : 2022 ਅਤੇ ਐਲੂਮੀਨੀਅਮ ਦੇ ਭਾਂਡਿਆਂ ਲਈ ਆਈ. ਐੱਸ. 1660 : 2024 ਸ਼ਾਮਲ ਹਨ। ਮਿਆਰਾਂ 'ਚ ਸਮੱਗਰੀ ਦੀਆਂ ਲੋੜਾਂ, ਡਿਜ਼ਾਈਨ ਵਿਸ਼ੇਸ਼ਤਾਵਾਂ ਅਤੇ ਪ੍ਰਦਰਸ਼ਨ ਦੇ ਮਾਪਦੰਡ ਸ਼ਾਮਲ ਹੁੰਦੇ ਹਨ। ਸਰਕਾਰ ਨੇ ਕਿਹਾ ਕਿ ਇਸ ਕਦਮ ਨਾਲ ਖਪਤਕਾਰਾਂ ਦਾ ਵਿਸ਼ਵਾਸ ਵਧੇਗਾ ਅਤੇ ਵਿਨਿਰਮਾਤਾ ਸਰਵੋਤਮ ਪ੍ਰਕਿਰਿਆਵਾਂ ਨੂੰ ਅਪਨਾਉਣ ਲਈ ਪ੍ਰੇਰਿਤ ਹੋਣਗੇ।

## ਦਫ਼ਤਰ ਤੋਂ ਬਾਹਰ ਨਿਕਲ ਵਿਅਕਤੀ ਨੇ ਚੌਥੀ ਮੰਜ਼ਿਲ ਤੋਂ ਛਾਲ ਮਾਰ ਕੀਤੀ ਖ਼ੁਦਕੁਸ਼ੀ



ਛੱਤੀਸਗੜ੍ਹ ਵਿੱਚ ਇੱਕ ਵਿਅਕਤੀ ਵੱਲੋਂ ਚੌਥੀ ਮੰਜ਼ਿਲ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰਨ ਦਾ ਦਿਲ ਦਹਿਲਾ ਦੇਣ ਵਾਲਾ ਵੀਡੀਓ ਸਾਹਮਣੇ ਆਇਆ ਹੈ। ਜੋ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਵੀਡੀਓ 'ਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਇਕ ਵਿਅਕਤੀ ਕਮਰੇ 'ਚੋਂ ਬਾਹਰ ਆਉਂਦਾ ਹੈ ਅਤੇ ਬਹੁਤ ਆਰਾਮ ਨਾਲ ਤੁਰਦਾ ਹੋਇਆ ਗਰਿੱਲ ਨੂੰ ਪਾਰ ਕਰਕੇ ਹੇਠਾਂ ਛਾਲ ਮਾਰਦਾ ਹੈ।ਨਵਾਂ ਰਾਏਪੁਰ ਸਥਿਤ ਹੈਬੀਟੇਟ ਬਿਲਡਿੰਗ ਦੀ ਚੌਥੀ ਮੰਜ਼ਿਲ ਤੋਂ ਵਿਅਕਤੀ ਨੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਉਸੇ ਬਿਲਡਿੰਗ ਵਿੱਚ ਹਾਊਸਿੰਗ ਬੋਰਡ ਦੀ ਅਕਾਊਂਟਸ ਬ੍ਰਾਂਚ ਵਿੱਚ ਤਾਇਨਾਤ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਰਾਖੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਫਿਲਹਾਲ ਖ਼ੁਦਕੁਸ਼ੀ ਦੇ ਕਾਰਨ ਅਜੇ ਤੱਕ ਸਾਹਮਣੇ ਨਹੀਂ ਆਏ। ਪੁਲਸ ਅਨੁਸਾਰ ਮ੍ਰਿਤਕ ਵਿਅਕਤੀ ਦਾ ਨਾਂ ਨਰੇਸ਼ ਸਾਹੂ ਹੈ, ਜਿਸ ਦੀ ਉਮਰ 35 ਸਾਲ ਹੈ। ਉਹ ਨਵਾਂ ਰਾਏਪੁਰ ਦੇ ਪਰਿਆਵਾਸ ਭਵਨ ਵਿੱਚ ਹਾਊਸਿੰਗ ਬੋਰਡ ਦੀ ਅਕਾਊਂਟ ਬ੍ਰਾਂਚ ਦੇ ਅਹੁਦੇ 'ਤੇ ਕੰਮ ਕਰਦਾ ਸੀ। ਮ੍ਰਿਤਕ ਆਪਣੇ ਪਰਿਵਾਰ ਨਾਲ ਪਚਪੇੜੀ ਨਾਕੇ 'ਚ ਰਹਿੰਦਾ ਸੀ। ਉਸ ਦਾ ਵਿਆਹ 3-4 ਸਾਲ ਪਹਿਲਾਂ ਹੋਇਆ ਸੀ ਅਤੇ ਉਸ ਦੀ ਇਕ ਬੇਟੀ ਹੈ।

## ਸਾਬਕਾ ਰੇਲ ਮੰਤਰੀ ਮੁਕੁਲ ਰਾਏ ਦੀ ਹਾਲਤ ਨਾਜ਼ੁਕ

ਸਾਬਕਾ ਰੇਲ ਮੰਤਰੀ ਮੁਕੁਲ ਰਾਏ ਨੂੰ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਰਿਹਾਇਸ਼ 'ਤੇ ਡਿੱਗਣ ਤੋਂ ਬਾਅਦ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ ਅਤੇ ਉਨ੍ਹਾਂ ਦੀ ਹਾਲਤ 'ਨਾਜ਼ੁਕ' ਬਣੀ ਹੋਈ ਹੈ। ਡਾਕਟਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਹਸਪਤਾਲ ਦੇ ਇਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਰਾਏ ਘਰ 'ਚ ਡਿੱਗ ਕੇ ਜ਼ਖਮੀ ਹੋ ਗਏ। ਉਹ ਅਜੇ ਵੀ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ (ICU) ਵਿਚ ਹਨ।ਅਧਿਕਾਰੀ ਨੇ ਇਕ ਨਿਊਜ਼ ਏਜੰਸੀ ਨੂੰ ਦੱਸਿਆ ਕਿ ਰਾਏ ਦੀ ਹਾਲਤ ਨਾਜ਼ੁਕ ਪਰ ਸਥਿਰ ਹੈ। ਸਾਡੇ ਡਾਕਟਰ ਉਨ੍ਹਾ ਦੀ 24 ਘੰਟੇ ਨਿਗਰਾਨੀ ਕਰ ਰਹੇ ਹਨ। ਰਾਏ ਤ੍ਰਿਣਮੂਲ ਕਾਂਗਰਸ ਦੇ ਸੰਸਥਾਪਕ ਮੈਂਬਰਾਂ ਵਿਚੋਂ ਇਕ ਹੈ। ਉਹ 2017 ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸ਼ਾਮਲ ਹੋਏ ਅਤੇ ਭਾਜਪਾ ਦੀ ਟਿਕਟ 'ਤੇ ਕ੍ਰਿਸ਼ਨਾਨਗਰ ਉੱਤਰੀ ਹਲਕੇ ਤੋਂ 2021 ਦੀਆਂ ਵਿਧਾਨ ਸਭਾ ਚੋਣਾਂ ਜਿੱਤੀਆਂ।

•

# ਨਸ਼ੇ ਵਾਲੀਆਂ ਗੋਲੀਆਂ ਸਮੇਤ ਤਿੰਨ ਨਸ਼ਾ ਤਸਕਰ ਪੁਲਸ ਅੱੜਿਕੇ

ਥਾਣਾ ਨੇਹੀਆਂ ਵਾਲਾ ਦੀ ਪੁਲਸ ਨੇ ਇਲਾਕੇ 'ਚ ਗੁਪਤ ਸੂਚਨਾ ਦੇ ਆਧਾਰ 'ਤੇ ਦੋ ਥਾਵਾਂ ’ਤੇ ਛਾਪਾਮਾਰੀ ਕਰ ਕੇ ਨਸ਼ੇ ਵਾਲੀਆਂ ਗੋਲੀਆਂ ਸਮੇਤ ਤਿੰਨ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ। ਥਾਣਾ ਨੇਹੀਆਂਵਾਲਾ ਦੇ ਇੰਸਪੈਕਟਰ ਜਗਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ 2 ਥਾਵਾਂ ’ਤੇ ਛਾਪਾਮਾਰੀ ਕਰ ਕੇ ਤਿੰਨ ਨਸ਼ਾ ਤਸਕਰਾਂ ਨੂੰ 190 ਨਸ਼ੇ ਵਾਲੀਆਂ ਗੋਲੀਆਂ ਟਰਾਮਾਡੋਲ ਸਮੇਤ ਕਾਬੂ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਸ ਨੇ ਪਿੰਡ ਜੀਦਾ ’ਚੋਂ ਪ੍ਰਗਟ ਸਿੰਘ ਪੁੱਤਰ ਸਰਜੀਤ ਸਿੰਘ ਅਤੇ ਗੁਰਮੇਲ ਸਿੰਘ ਪੁੱਤਰ ਚੰਨਣ ਸਿੰਘ ਵਾਸੀਆਨ ਪਿੰਡ ਜੀਦਾ ਨੂੰ 80 ਗੋਲੀਆਂ ਟਰਾਮਾਡੋਲ ਅਤੇ ਪਿੰਡ ਮਹਿਮਾ ਭਗਵਾਨਾ ’ਚੋਂ ਪ੍ਰਦੀਪ ਕੁਮਾਰ ਪੁੱਤਰ ਪਵਨ ਕੁਮਾਰ ਵਾਸੀ ਹਰਰਾਏਪੁਰ ਨੂੰ ਨਸ਼ੇ ਦੀਆਂ 110 ਗੋਲੀਆਂ ਟਰਾਮਾਡੋਲ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਪ੍ਰਗਟ ਸਿੰਘ ਅਤੇ ਗੁਰਮੇਲ ਸਿੰਘ ਵਾਸੀਆਨ ਪਿੰਡ ਜੀਦਾ ਅਤੇ ਪ੍ਰਦੀਪ ਕੁਮਾਰ ਵਾਸੀ ਪਿੰਡ ਹਰਰਾਏਪੁਰ ਦੇ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




# ਪੰਜਾਬ ਦੇ ਮਸ਼ਹੂਰ ਮੂਸਾ ਪਿੰਡ 'ਚ ਛਾਪੇਮਾਰੀ ਮਗਰੋਂ ਵੱਡਾ ਐਕਸ਼ਨ

ਮਾਨਸਾ ਜ਼ਿਲ੍ਹੇ ਦੇ ਪਿੰਡ ਮੂਸਾ ਤੋਂ 200 ਪੇਟੀਆਂ ਨਕਲੀ ਸ਼ਰਾਬ ਮਿਲਣ ’ਤੇ ਕਰ ਅਤੇ ਆਬਕਾਰੀ ਵਿਭਾਗ ਨੇ ਮਾਨਸਾ ਦੇ 32 ਠੇਕੇ ਸੀਲ ਕਰ ਦਿੱਤੇ ਹਨ। ਵਿਭਾਗ ਇਸ ਸਬੰਧੀ ਖੁੱਲ੍ਹ ਕੇ ਦੱਸਣ ਨੂੰ ਤਿਆਰ ਨਹੀਂ ਹੈ। ਜਦੋਂ ਕਿ ਪੰਜਾਬ ਦੇ ਕਈ ਹਿੱਸਿਆਂ ਤੋਂ ਇਲਾਵਾ ਵੱਖ-ਵੱਖ ਰਾਜਾਂ ’ਚ ਨਕਲੀ ਸ਼ਰਾਬ ਪੀਣ ਨਾਲ ਕਈ ਲੋਕਾਂ ਦੀ ਹੋਈ ਮੌਤ ਹੋ ਚੁੱਕੀ ਹੈ। ਇਸ ਮਾਮਲੇ ਨੂੰ ਲੈ ਕੇ ਮਜ਼ਦੂਰ, ਕਿਸਾਨ ਜਥੇਬੰਦੀਆਂ ਨੇ 6 ਜੁਲਾਈ ਨੂੰ ਮਾਨਸਾ ਦੇ ਕਰ ਅਤੇ ਆਬਕਾਰੀ ਵਿਭਾਗ ਦੇ ਦਫਤਰ ਦਾ ਘਿਰਾਓ ਕਰਨ ਦਾ ਐਲਾਨ ਕਰਦਿਆਂ ਮੰਗ ਕੀਤੀ ਹੈ ਕਿ ਇਹ ਮਾਮਲਾ ਸੀ. ਬੀ. ਆਈ. ਨੂੰ ਸੌਂਪ ਕੇ ਇਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇ ਤਾਂ ਕਿ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

ਜਥੇਬੰਦੀਆਂ ਦਾ ਕਹਿਣਾ ਹੈ ਕਿ ਫੜੀ ਗਈ 200 ਪੇਟੀ ਸ਼ਰਾਬ ਨਕਲੀ ਹੋਣ ਦਾ ਸ਼ੱਕ ਹੈ ਪਰ ਵਿਭਾਗ ਇਸ ’ਤੇ ਕੋਈ ਠੋਸ ਕਾਰਵਾਈ ਨਹੀਂ ਕਰ ਰਿਹਾ। ਜਾਣਕਾਰੀ ਅਨੁਸਾਰ ਕਰ ਅਤੇ ਆਬਕਾਰੀ ਵਿਭਾਗ ਮਾਨਸਾ ਨੂੰ ਪਿੰਡ ਮੂਸਾ ਤੋਂ ਠੇਕੇ ਦੀਆਂ 200 ਪੇਟੀਆਂ ਨਕਲੀ ਸ਼ਰਾਬ ਬਰਾਮਦ ਹੋਈਆਂ ਹਨ। ਜਿਸ ਤੋਂ ਬਾਅਦ ਵਿਭਾਗ ਨੇ ਚੁੱਪ ਚਪੀਤੇ ਮਾਨਸਾ ਦੇ 32 ਠੇਕੇ 3 ਦਿਨਾਂ ਲਈ ਸੀਲ ਕਰ ਦਿੱਤੇ ਪਰ ਇਸ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਨੂੰ ਅੰਜਾਮ ਨਹੀਂ ਦਿੱਤਾ।ਇਹ ਸ਼ਰਾਬ ਮਾਨਸਾ ਦੀ ਇਕ ਮਸ਼ਹੂਰ ਫਰਮ ਦੀ ਦੱਸੀ ਜਾ ਰਹੀ ਹੈ। ਜਦੋਂ ਕਿ ਪੰਜਾਬ ਅੰਦਰ ਨਕਲੀ ਸ਼ਰਾਬ ਪੀਣ ਨਾਲ ਕਈ ਵਿਅਕਤੀਆਂ ਦੀ ਮੌਤ ਵੀ ਹੋ ਚੁੱਕੀ ਹੈ। ਇਸ ਸਾਰੀ ਗੱਲਬਾਤ ਨੂੰ ਇਕ ਨੌਜਵਾਨ ਆਗੂ ਪਰਮਿੰਦਰ ਸਿੰਘ ਨੇ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤਾ ਹੈ। ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਅਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲਾ ਪ੍ਰਧਾਨ ਮਹਿੰਦਰ ਸਿੰਘ ਭੈਣੀਬਾਘਾ ਅਤੇ ਐਡਵੋਕੇਟ ਲਖਨਪਾਲ ਸਿੰਘ ਮਾਨਸਾ ਨੇ ਕਿਹਾ ਕਿ 6 ਜੁਲਾਈ ਨੂੰ ਇਸ ਸਬੰਧ ਵਿਚ ਮਾਨਸਾ ਦੇ ਕਰ ਅਤੇ ਆਬਕਾਰੀ ਵਿਭਾਗ ਦਾ ਘਿਰਾਓ ਕੀਤਾ ਜਾਵੇਗਾ। ਦੂਜੇ ਪਾਸੇ ਸਬੰਧਤ ਠੇਕੇਦਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕੋਈ ਨਕਲੀ ਸ਼ਰਾਬ ਨਹੀਂ ਵੇਚੀ ਜਾ ਰਹੀ ਸੀ।

ਇਸ ਮਾਮਲੇ ਨੂੰ ਲੈ ਕੇ ਕਰ ਵਿਭਾਗ ਦੇ ਈ. ਟੀ. ਓ. ਮਨੀਸ਼ ਗੋਇਲ ਦਾ ਕਹਿਣਾ ਹੈ ਕਿ ਫੜੀ ਗਈ 200 ਪੇਟੀ ਸ਼ਰਾਬ ਠੇਕੇ ਦੀ ਹੈ ਅਤੇ ਇਹ ਸ਼ਰਾਬ ਠੇਕੇ ਨੂੰ ਹੀ ਅਲਾਟ ਹੋਈ ਹੈ। ਇਸ ਦਾ ਚਲਾਨ ਕਰ ਕੇ ਇਸ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ।

# ਹਾਟ ਲਾਈਨ ਦੀ ਮੁਰੰਮਤ ਲਈ ਖੰਭੇ ’ਤੇ ਚੜ੍ਹਿਆ ਮੁਲਾਜ਼ਮ, ਪਿਛੋਂ ਅਚਾਨਕ ਆ ਗਿਆ ਕਰੰਟ



ਸਿਵਲ ਹਸਪਤਾਲ ਰੋਡ ’ਤੇ 11 ਕੇ.ਵੀ. ਹਾਟ ਲਾਈਨ ਦੀ ਮੁਰੰਮਤ ਕਰਨ ਗਏ ਠੇਕਾ ਅਧਾਰਤ ਕਾਮੇ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ ਜਦਕਿ ਉਸ ਦੇ 2 ਸਾਥੀ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਬਿਜਲੀ ਵਿਭਾਗ ਦੇ ਸਿਟੀ-2 ਅਧੀਨ ਪੈਂਦੇ ਖੇਤਰ ’ਚ ਰਣਜੀਤ ਨਗਰ ਫੀਡਰ ਦੀ ਸਪਲਾਈ ਸ਼ੁੱਕਰਵਾਰ ਸ਼ਾਮ ਨੂੰ ਬੰਦ ਹੋ ਗਈ। ਮੌਕੇ ’ਤੇ ਠੇਕਾ ਅਧਾਰਤ ਕਾਮੇ ਸਤਵਿੰਦਰ ਸਿੰਘ, ਇੰਦਰਜੀਤ ਸਿੰਘ ਤੇ ਕੁਲਵਿੰਦਰ ਸਿੰਘ ਪਹੁੰਚੇ। ਜਦੋਂ ਸਤਵਿੰਦਰ ਸਿੰਘ ਖੰਭੇ ’ਤੇ ਚੜ੍ਹਿਆ ਤਾਂ ਉਸ ਨੂੰ ਜ਼ੋਰਦਾਰ ਝਟਕਾ ਲੱਗਿਆ ਜਿਸ ਕਾਰਨ ਉਹ 11 ਕੇ.ਵੀ. ਲਾਈਨ ’ਚ ਫਸ ਗਿਆ। ਦੋਵੇਂ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਕਰੰਟ ਦੀ ਲਪੇਟ ’ਚ ਆ ਗਏ। ਇਸ ਤੋਂ ਬਾਅਦ ਮਿੱਟੀ ਦੇ ਭਰੇ ਟਿੱਪਰ ਨੂੰ ਖੰਭੇ ਕੋਲ ਖੜ੍ਹਾ ਕਰਕੇ ਤਾਰਾਂ ’ਚ ਫਸੇ ਸਤਵਿੰਦਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਥੱਲੇ ਉਤਾਰਿਆ। ਸਾਰੀਆਂ ਨੂੰ ਸਿਵਲ ਹਸਪਤਾਲ ਦੀ ਐਮਰਜੈਂਸੀ ’ਚ ਲੈ ਜਾਇਆ ਗਿਆ। ਡਾ. ਸੌਮਿਆ ਸੈਣੀ ਨੇ ਸਤਵਿੰਦਰ ਸਿੰਘ (28) ਪੁੱਤਰ ਮੋਹਨ ਸਿੰਘ ਵਾਸੀ ਪਿੰਡ ਮਹਿਤਾਬਗੜ੍ਹ ਨੇੜੇ ਚੁੰਨੀ ਨੂੰ ਮ੍ਰਿਤਕ ਐਲਾਨ ਦਿੱਤਾ।ਜ਼ਖਮੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ 11 ਕੇ.ਵੀ. ਰਣਜੀਤ ਨਗਰ ਫੀਡਰ ’ਤੇ ਹਾਟ ਲਾਈਨ ’ਚ ਸਮੱਸਿਆ ਆਈ ਸੀ। ਸਤਵਿੰਦਰ ਸਿੰਘ ਲੋਡ ਉਤਾਰ ਕੇ ਹੀ ਖੰਬੇ ’ਤੇ ਚੜ੍ਹਿਆ ਸੀ। ਇਸ ਦੌਰਾਨ ਉਸ ਨੂੰ ਜ਼ੋਰਦਾਰ ਝੱਟਕਾ ਲੱਗ ਗਿਆ। ਹਾਦਸੇ ਸਮੇਂ ਸਤਵਿੰਦਰ ਨੇ ਸੁਰੱਖਿਆ ਪੱਖੋਂ ਗਲਬਸ ਪਾਏ ਸਨ ਤੇ ਅਰਥ ਵੀ ਕੀਤਾ ਹੋਇਆ ਸੀ, ਨਾਲ ਹੀ ਲਾਈਨਾਂ ’ਤੇ ਲੋਹੇ ਦੀ ਚੈਨ ਸੁੱਟੀ ਹੋਈ ਸੀ ਪਰ ਅਚਾਨਕ ਸਪਲਾਈ ਆ ਗਈ। ਜਦੋਂ ਉਹ ਸਤਵਿੰਦਰ ਨੂੰ ਤਾਰਾਂ ਤੋਂ ਉਤਾਰਨ ਲਈ ਜੱਦੋਜਹਿਦ ਕਰ ਰਹੇ ਸਨ ਤਾਂ ਉਸ ਦੇ ਨਾਲ ਇੰਦਰਜੀਤ ਨੂੰ ਵੀ ਕਰੰਟ ਲੱਗਿਆ। ਦੂਜੇ ਪਾਸੇ ਬਿਜਲੀ ਵਿਭਾਗ ਦੇ ਸਬੰਧਤ ਅਫ਼ਸਰ ਹਾਦਸਾ ਹੋਣ ਤੋਂ ਕਾਫ਼ੀ ਦੇਰ ਬਾਅਦ ਸਿਵਲ ਹਸਪਤਾਲ ਪਹੁੰਚੇ। ਸਿਟੀ-2 ਦੇ ਜੇ.ਈ. ਹਰਕਮਲਜੀਤ ਸਿੰਘ ਨੇ ਦੱਸਿਆ ਕਿ ਲਾਈਨ ਦੀ ਮੁਰੰਮਤ ਕਰਨ ਤੋਂ ਪਹਿਲਾਂ ਪਰਮਿਟ ਲਿਆ ਸੀ। ਹੁਣ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾਵੇਗੀ। ਐੱਸ.ਡੀ.ਓ. ਸਤਿੰਦਰ ਸਿੰਘ ਨੇ ਕਿਹਾ ਕਿ ਪਤਾ ਹੀ ਨਹੀਂ ਸੀ ਕਿ ਇਹ ਕਾਮੇ ਲਾਈਨ ਠੀਕ ਕਰ ਰਹੇ ਹਨ। ਉੱਥੇ ਹੀ, ਟ੍ਰਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਪ੍ਰਧਾਨ ਬਲਿਹਾਰ ਸਿੰਘ, ਪ੍ਰਧਾਨ ਕੇਸਰ ਸਿੰਘ, ਗੁਰਪਾਲ ਸਿੰਘ, ਅਜੇ ਕੁਮਾਰ ਨੇ ਦੱਸਿਆ ਕਿ ਹਾਦਸਾ ਅਫ਼ਸਰਾਂ ਦੀ ਅਣਗਹਿਲੀ ਕਾਰਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਬਚਪਨ ’ਚ ਹੀ ਸਤਵਿੰਦਰ ਸਿੰਘ ਦੇ ਮਾਤਾ-ਪਿਤਾ ਦੀ ਮੌਤ ਹੋ ਗਈ ਸੀ। ਚਾਚਾ-ਚਾਚੀ ਨੇ ਉਸ ਨੂੰ ਪਾਲ ਕੇ ਵੱਡਾ ਕੀਤਾ ਸੀ। ਉਹ ਆਪਣੇ ਪਿੱਛੇ ਪਤਨੀ ਤੇ ਇਕ 7 ਸਾਲ ਦਾ ਬੱਚਾ ਛੱਡ ਗਿਆ। ਯੂਨੀਅਨ ਨੇ ਕਿਹਾ ਕਿ ਜਦੋਂ ਤੱਕ ਮ੍ਰਿਤਕ ਨੂੰ 50 ਲੱਖ ਰੁਪਏ ਦਾ ਮੁਆਵਜ਼ਾ ਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਨਹੀਂ ਮਿਲ ਜਾਂਦੀ ਉਦੋਂ ਤੱਕ ਦੇਹ ਦਾ ਸਸਕਾਰ ਨਹੀਂ ਕਰਨਗੇ।

ਸਰਕਾਰੀ ਦਫ਼ਤਰ ’ਚ ਜਨਰੇਟਰ ਚੱਲਣ ਦੀ ਚਰਚਾ

ਸੂਤਰਾਂ ਅਨੁਸਾਰ ਪਤਾ ਲੱਗਾ ਹੈ ਕਿ ਜਦੋਂ ਬਿਜਲੀ ਦੀ ਲਾਈਨ ਬੰਦ ਕੀਤੀ ਗਈ ਤਾਂ ਕਿਸੇ ਸਰਕਾਰੀ ਦਫ਼ਤਰ ਦਾ ਜਨਰੇਟਰ ਚਾਲੂ ਹੋ ਗਿਆ। ਇਸ ਕਾਰਨ ਜਨਰੇਟਰ ਨੇ ਬਿਜਲੀ ਬੈਕ ਮਾਰੀ ਤੇ ਵੱਡੀ ਲਾਈਨ ’ਚ ਕਰੰਟ ਆਉਣ ਕਾਰਨ ਲਾਈਨਮੈਨ ਦੀ ਮੌਤ ਹੋ ਗਈ।

# CM ਮਾਨ ਨੇ ਜਲੰਧਰ ਵੈਸਟ ਹਲਕੇ 'ਚ ਕੀਤੀ ਜਨਤਕ ਮੀਟਿੰਗ



ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਲਈ ਚੋਣ ਪ੍ਰਚਾਰ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਕਈ ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਭਾਜਪਾ ਅਤੇ ਕਾਂਗਰਸ ਪਾਰਟੀ ’ਤੇ ਤਿੱਖੇ ਹਮਲੇ ਕੀਤੇ। ਮਾਨ ਨੇ ਮੋਹਿੰਦਰ ਭਗਤ ਨਾਲ ਮਿਲ ਕੇ ਜਲੰਧਰ ਪੱਛਮੀ ਵਿਧਾਨ ਸਭਾ ਅਧੀਨ ਪੈਂਦੇ ਵਾਰਡ ਨੰਬਰ 74, 34 ਅਤੇ ਵਾਰਡ ਨੰਬਰ 38 ਵਿੱਚ ਜਨਤਕ ਮੀਟਿੰਗਾਂ ਕੀਤੀਆਂ ਅਤੇ ਲੋਕਾਂ ਨੂੰ ‘ਆਪ’ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ।

ਮਾਨ ਨੇ ਕਿਹਾ ਕਿ ਉਹ ਪਿਛਲੇ ਕਾਫ਼ੀ ਸਮੇਂ ਤੋਂ ਦੋਆਬੇ ਵਿਚ ਦਫ਼ਤਰ ਖੋਲ੍ਹਣ ਦੀ ਯੋਜਨਾ ਬਣਾ ਰਹੇ ਸਨ ਤਾਂ ਜੋ ਉਹ ਦੋਆਬੇ ਅਤੇ ਮਾਝਾ ਖੇਤਰ ਦੇ ਲੋਕਾਂ ਨੂੰ ਮਿਲ ਸਕਣ। ਇਸ ਜ਼ਿਮਨੀ ਚੋਣ ਵਿਚ ਇਕ ਚੰਗੀ ਗੱਲ ਇਹ ਰਹੀ ਕਿ ਆਖਰਕਾਰ ਉਹ ਉਸ ਯੋਜਨਾ ਨੂੰ ਲਾਗੂ ਕਰਨ ਵਿਚ ਸਫ਼ਲ ਹੋ ਗਏ ਅਤੇ ਇਥੇ ਆਪਣਾ ਦਫ਼ਤਰ ਸਥਾਪਤ ਕਰ ਲਿਆ। ਹੁਣ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਚੰਡੀਗੜ੍ਹ ਨਹੀਂ ਜਾਣਾ ਪਵੇਗਾ। ਹੁਣ ਸਰਕਾਰ ਖ਼ੁਦ ਤੁਹਾਡੇ ਬੂਹੇ 'ਤੇ ਹੈ। ਉਨ੍ਹਾਂ ਕਾਂਗਰਸੀ ਉਮੀਦਵਾਰ ਸੁਰਿੰਦਰ ਕੌਰ 'ਤੇ ਨਿਸ਼ਾਨਾ ਵਿੰਨ੍ਹਿਦਆਂ ਕਿਹਾ ਕਿ ਜੇਕਰ ਉਹ ਜਲੰਧਰ ਦੀ ਡਿਪਟੀ ਮੇਅਰ ਹੁੰਦਿਆਂ ਆਪਣੇ ਵਾਰਡ ਦੇ ਕੰਮ ਨਹੀਂ ਕਰਵਾ ਸਕੀ ਤਾਂ ਉਹ ਇੰਨੇ ਵੱਡੇ ਵਿਧਾਨ ਸਭਾ ਹਲਕੇ ਦੇ ਕੰਮ ਕਿਵੇਂ ਕਰਵਾਉਣਗੇ। ਗਲੀਆਂ, ਨਾਲੀਆਂ ਅਤੇ ਸੀਵਰੇਜ ਸਿਸਟਮ ਆਦਿ ਦਾ ਕੰਮ ਨਗਰ ਨਿਗਮ ਅਧੀਨ ਆਉਂਦਾ ਹੈ। ਜਲੰਧਰ ਨਗਰ ਨਿਗਮ ਵਿੱਚ ਇਸ ਵੇਲੇ ਕਾਂਗਰਸ ਦਾ ਮੇਅਰ ਹੈ, ਉਸ ਨੇ ਇਸ ਲਈ ਕੁਝ ਨਹੀਂ ਕੀਤਾ। ਭਗਵੰਤ ਮਾਨ ਨੇ ਅਕਾਲੀ ਦਲ ਦੇ ਮੁਖੀ ਸੁਖਬੀਰ ਬਾਦਲ 'ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਦਲ ਦੀ ਹਾਲਤ ਇੰਨੀ ਮਾੜੀ ਹੋ ਗਈ ਹੈ ਕਿ ਸੁਖਬੀਰ ਬਾਦਲ ਆਪਣੇ ਉਮੀਦਵਾਰ ਤੋਂ ਸਮਰਥਨ ਵਾਪਸ ਲੈ ਕੇ ਲੋਕਾਂ ਨੂੰ ਬਹੁਜਨ ਸਮਾਜ ਪਾਰਟੀ ਨੂੰ ਵੋਟ ਪਾਉਣ ਲਈ ਕਹਿ ਰਹੇ ਹਨ।

# ਖ਼ਤਰਨਾਕ ਹਥਿਆਰਾਂ ਨਾਲ ਲੈਂਸ 5 ਹੋਰ ਹੁੱਲੜਬਾਜ਼ ਗ੍ਰਿਫ਼ਤਾਰ




ਐੱਸ. ਐੱਸ. ਪੀ. ਦੀਪਕ ਪਾਰਿਕ ਦੇ ਨਿਰਦੇਸ਼ਾਂ 'ਤੇ ਪੁਲਸ ਵੱਲੋਂ ਮੁਲਜ਼ਮਾਂ ’ਤੇ ਸ਼ਿਕੰਜਾ ਕੱਸਦਿਆਂ ਵਰਧਮਾਨ ਪੁਲਸ ਨੇ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ 30 ਜੂਨ ਨੂੰ ਇਕ ਵੀਡੀਓ ਸ਼ੋਸਲ ਮੀਡੀਆ 'ਤੇ ਵਾਇਰਲ ਹੋਈ ਸੀ। ਇਸ ’ਚ ਰਾਤ ਦੇ ਸਮੇਂ ਸੰਜੇ ਨਗਰ ਬਠਿੰਡਾ ਵਿਖੇ 9-10 ਨੌਜਵਾਨ ਕਿਰਪਾਨਾਂ ਅਤੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਗਲੀਆਂ ਵਿਚ ਹੁੱਲੜਬਾਜ਼ੀ ਕਰ ਰਹੇ ਸਨ। ਪੁਲਸ ਚੌਂਕੀ ਵਰਧਮਾਨ ਬਠਿੰਡਾ ਅਤੇ ਥਾਣਾ ਕੈਨਾਲ ਕਾਲੋਨੀ ਬਠਿੰਡਾ ਦੀ ਪੁਲਸ ਵੱਲੋਂ ਇਸ ਵਾਰਦਾਤ ਨੂੰ ਟਰੇਸ ਕਰ ਕੇ ਪੰਜ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਗਈ ਹੈ।

ਨਰਿੰਦਰ ਸਿੰਘ ਪੀ. ਪੀ. ਐੱਸ. ਕਪਤਾਨ ਪੁਲਸ ਸਿਟੀ ਬਠਿੰਡਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 30 ਜੂਨ ਨੂੰ ਸੰਜੇ ਨਗਰ ਬਠਿੰਡਾ ਵਿਖੇ 9/10 ਨੌਜਵਾਨਾਂ ਦੀ ਕਿਰਪਾਨਾਂ ਅਤੇ ਮਾਰੂ ਹਥਿਆਰਾਂ ਲੈਸ ਹੋ ਕੇ ਹੁੱਲੜਬਾਜ਼ੀ ਕਰਦਿਆਂ ਦੀ ਇਕ ਵੀਡੀਓ ਸ਼ੋਸਲ ਮੀਡੀਆ 'ਤੇ ਵਾਇਰਲ ਹੋਈ ਸੀ ਅਤੇ ਪੜਤਾਲ ਦੌਰਾਨ ਪਾਇਆ ਗਿਆ ਕਿ ਵੀਡੀਓ ਵਿਚ ਦਿਖਾਈ ਦੇ ਰਹੇ ਵਿਅਕਤੀਆਂ ਵੱਲੋਂ ਬੂਟਾ ਸਿੰਘ ਪੁੱਤਰ ਮੰਦਰ ਸਿੰਘ ਵਾਸੀ ਸੰਜੇ ਨਗਰ ਦੀ ਕੁੱਟਮਾਰ ਵੀ ਕੀਤੀ ਸੀ। ਜਿਸ ਤੋਂ ਬਾਅਦ ਥਾਣਾ ਕੈਨਾਲ ਕਾਲੋਨੀ ਵੱਲੋਂ ਰੋਹਿਤ ਉਰਫ਼ ਸਿੰਗੀ ਪੁੱਤਰ ਕਾਲੀ ਰਾਮ, ਫੈਂਸੀ ਪੁੱਤਰ ਨਾਮਾਲੂਮ, ਜਸਪ੍ਰੀਤ ਸਿੰਘ ਉਰਫ਼ ਗੰਜਾ ਪੁੱਤਰ ਹਰਬੰਸ ਸਿੰਘ, ਵਿਸ਼ਾਲ ਪੁੱਤਰ ਗੁਰਦੀਪ ਸਿੰਘ, ਮਨਦੀਪ ਸਿੰਘ ਪੁੱਤਰ ਨਾਮਲੂਮ, ਗੁੱਲੀ ਪੁੱਤਰ ਨਾਮਾਲੂਮ ਵਾਸੀਆਨ ਬਠਿੰਡਾ ਖ਼ਿਲਾਫ਼ ਮਾਮਲਾ ਦਰਜ ਕੀਤਾ ਸੀ।

ਪੁਲਸ ਵੱਲੋਂ ਸ਼ੁੱਕਰਵਾਰ ਨੂੰ ਟਰੇਸ ਵਾਰਦਾਤ ਦੇ ਟਰੇਸ ਮੁਲਜ਼ਮ ਜਸਪ੍ਰੀਤ ਸਿੰਘ ਉਰਫ਼ ਗੰਜਾ ਵਾਸੀ ਅਮਰਪੁਰਾ ਬਸਤੀ, ਵਿਨੇ ਕੁਮਾਰ ਉਰਫ਼ ਰੋਹਿਤ ਉਰਫ਼ ਫੈਂਸੀ ਪੁੱਤਰ ਵਿਜੇ ਕੁਮਾਰ ਵਾਸੀ ਗੁਰੂ ਨਾਨਕਪੁਰਾ, ਵਿਸ਼ਾਲ ਸਿੰਘ ਸੂਟਰ ਪੁੱਤਰ ਗੁਰਦੀਪ ਸਿੰਘ ਵਾਸੀ ਨਰੂਆਣਾ ਰੋਡ, ਪ੍ਰਿੰਸ ਮੋਟਾ ਪੁੱਤਰ ਰਾਕੇਸ਼ ਕੁਮਾਰ, ਅਭਿਸੇਕ ਉਰਫ ਕਾਕਾ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮ ਜਸਪ੍ਰੀਤ ਸਿੰਘ ਉਰਫ਼ ਗੰਜਾ ਕੋਲੋਂ ਇਕ ਗਰਾਰੀ ਲੋਹਾ ਜੋ ਲੱਕੜ ਦੇ ਬਾਂਹੇ ਵਿਚ ਫਿੱਟ ਕੀਤੀ ਹੋਈ ਹੈ, ਬਰਾਮਦ ਕੀਤੀ ਜਾ ਚੁੱਕੀ ਹੈ। ਬਾਕੀ ਮੁਲਜ਼ਮਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਫ਼ਿਲਮੀ ਸਿਤਾਰਿਆਂ ਨਾਲ ਸਜੀ ਅਨੰਤ ਅੰਬਾਨੀ-ਰਾਧਿਕਾ ਮਰਚੈਂਟ ਦਾ ਸੰਗੀਤ ਸੈਰੇਮਨੀ, ਦੇਖੋ ਤਸਵੀਰਾਂ



ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ 12 ਜੁਲਾਈ ਨੂੰ ਸੱਤ ਫੇਰੇ ਲੈਣਗੇ ਪਰ ਉਨ੍ਹਾਂ ਦੇ ਵਿਆਹ ਤੋਂ ਪਹਿਲਾਂ ਦੇ ਜਸ਼ਨ ਮਾਰਚ ਤੋਂ ਹੀ ਸ਼ੁਰੂ ਹੋ ਗਏ ਸਨ। ਅੰਬਾਨੀ ਪਰਿਵਾਰ ਨੇ ਸ਼ੁੱਕਰਵਾਰ, 5 ਜੁਲਾਈ ਨੂੰ ਨੀਤਾ ਮੁਕੇਸ਼ ਅੰਬਾਨੀ ਕਲਚਰਲ ਸੈਂਟਰ ਵਿੱਚ ਜੋੜੇ ਲਈ ਇੱਕ ਸ਼ਾਨਦਾਰ ਸੰਗੀਤ ਸੈਰੇਮਨੀ ਦਾ ਆਯੋਜਨ ਕੀਤਾ। ਇਸ ਸੈਰੇਮਨੀ ਦੀ ਡਰੈੱਸ ਥੀਮ ਇੰਡੀਅਨ ਰੱਖੀ ਗਈ ਸੀ। ਇਸ ਸੈਰੇਮਨੀ 'ਚ ਫ਼ਿਲਮੀ ਸਿਤਾਰਿਆਂ ਨੇ ਸ਼ਿਰਕਤ ਕੀਤੀ।ਓਰਹਾਨ ਅਵਤਰਮਣੀ ਉਰਫ ਓਰੀ, ਜੋ ਕਿ ਸੰਗੀਤ ਸਮਾਰੋਹ ਵਿੱਚ ਸਭ ਤੋਂ ਪਹਿਲਾਂ ਪਹੁੰਚੀ ਸੀ, ਨੇ ਆਪਣੀ ਗਲੈਮਰਸ ਪਹਿਰਾਵੇ ਨਾਲ ਕੈਮਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਕਾਲੇ ਅਤੇ ਭੂਰੇ ਰੰਗ ਦੇ ਕੱਪੜੇ ਪਹਿਨੇ, ਓਰੀ ਨੇ ਆਪਣੇ ਗੁੱਟ 'ਤੇ ਘੜੀ ਦਿਖਾਉਂਦੇ ਹੋਏ ਮੁਸਕਰਾਇਆ। ਨਿਮਰਤ ਕੌਰ ਨੇ ਸ਼ਾਨਦਾਰ ਗੂੜ੍ਹੇ ਨੀਲੇ ਰੰਗ ਦੀ ਸਾੜ੍ਹੀ 'ਚ ਸ਼ਾਨਦਾਰ ਐਂਟਰੀ ਕੀਤੀ ਜੋ ਸ਼ਾਨਦਾਰ ਸ਼ੀਸ਼ੇ ਦੇ ਕੰਮ ਨਾਲ ਚਮਕ ਰਹੀ ਸੀ।ਜਾਹਨਵੀ ਕਪੂਰ ਦਾ ਰੂਮਰਡ ਬੁਆਏਫ੍ਰੈਂਡ ਸ਼ਿਖਰ ਪਹਾੜੀਆ ਵੀ ਇਸ ਸੈਰੇਮਨੀ 'ਚ ਮੌਜੂਦ ਸੀ। ਉਨ੍ਹਾਂ ਆਪਣੇ ਭਰਾ ਵੀਰ ਨਾਲ ਤਸਵੀਰਾਂ ਖਿਚਵਾਈਆਂ। ਜਿੱਥੇ ਸ਼ਿਖਰ ਨੀਲੇ ਅਤੇ ਕਾਲੇ ਰੰਗ ਦੀ ਸ਼ੇਰਵਾਨੀ ਵਿੱਚ ਆਕਰਸ਼ਕ ਲੱਗ ਰਹੇ ਸਨ, ਉੱਥੇ ਹੀ ਵੀਰ ਨੇ ਕਾਲੇ ਰੰਗ ਦੀ ਸ਼ੇਰਵਾਨੀ ਪਾਈ ਸੀ। ਸਟੀਬੀਨ ਬੇਨ ਨੇ ਵੀ ਇਸ ਜਸ਼ਨ ਵਿੱਚ ਹਿੱਸਾ ਲਿਆ। ਉਨ੍ਹਾਂ ਚਿੱਟੇ ਰੰਗ ਦੀ ਸ਼ੇਰਵਾਨੀ ਪਾਈ ਹੋਈ ਸੀ। ਉਸਨੇ ਖੁਸ਼ੀ ਨਾਲ ਪੈਪਰਾਜ਼ੀ ਲਈ ਪੋਜ਼ ਦਿੱਤਾ।ਸ਼ਨਾਇਆ ਕਪੂਰ ਹਲਕੇ ਨੀਲੇ ਰੰਗ ਦੀ ਚਮਕਦਾਰ ਡਰੈੱਸ 'ਚ ਬੇਹੱਦ ਖੂਬਸੂਰਤ ਲੱਗ ਰਹੀ ਸੀ। ਉਸ ਨੇ ਆਪਣੇ ਲੁੱਕ ਨੂੰ ਖੂਬਸੂਰਤ ਹਾਰ ਨਾਲ ਪੂਰਾ ਕੀਤਾ। ਕਰਿਸ਼ਮਾ ਤੰਨਾ ਨਾਲ ਉਨ੍ਹਾਂ ਦੇ ਪਤੀ ਵਰੁਣ ਬੰਗੇਰਾ ਵੀ ਨਜ਼ਰ ਆਏ। ਜੋੜੇ ਨੇ ਅੰਦਰ ਜਾਣ ਤੋਂ ਪਹਿਲਾਂ ਫੋਟੋਗ੍ਰਾਫਰਾਂ ਲਈ ਪੋਜ਼ ਦਿੱਤੇ। ਅਨੰਨਿਆ ਪਾਂਡੇ ਨੂੰ ਚਮਕਦਾਰ ਸਿਲਵਰ ਰੰਗ ਦੀ ਸਾੜ੍ਹੀ ਪਹਿਨੀ ਹੋਈ ਸੀ, ਜੋ ਉਸ ਦੇ ਗਹਿਣਿਆਂ ਨਾਲ ਮੇਲ ਖਾਂਦੀ ਸੀ। ਉਹ ਗਲੈਮਰਸ ਲੁੱਕ 'ਚ ਕਾਫੀ ਖੂਬਸੂਰਤ ਲੱਗ ਰਹੀ ਸੀ।ਰਿਤੇਸ਼ ਦੇਸ਼ਮੁਖ ਅਤੇ ਜੇਨੇਲੀਆ ਡਿਸੂਜ਼ਾ ਸ਼ਾਹੀ ਪਹਿਰਾਵੇ 'ਚ ਜੋੜੇ ਗੋਲ ਕਰਦੇ ਹੋਏ। ਜੇਨੇਲੀਆ ਨੇ ਗੂੜ੍ਹੇ ਰੰਗ ਦਾ ਪਹਿਰਾਵਾ ਪਾਇਆ ਸੀ, ਰਿਤੇਸ਼ ਨੇ ਕੁੜਤਾ ਅਤੇ ਪਜਾਮਾ ਪਾਇਆ ਸੀ। ਇਸ ਮੌਕੇ ਖੁਸ਼ੀ ਕਪੂਰ ਅਤੇ ਵੇਦਾਂਗ ਰੈਨਾ ਵੀ ਪਹੁੰਚੇ। ਜਿੱਥੇ ਖੁਸ਼ੀ ਗੁਲਾਬੀ ਰੰਗ ਦੀ ਖੂਬਸੂਰਤ ਪਹਿਰਾਵੇ ਵਿੱਚ ਸ਼ਾਨਦਾਰ ਲੱਗ ਰਹੀ ਸੀ, ਉੱਥੇ ਵੇਦਾਂਗ ਰੈਨਾ ਨੇ ਗੂੜ੍ਹੇ ਜਾਮਨੀ ਰੰਗ ਦਾ ਸੂਟ ਪਾਇਆ ਸੀ।ਸਾਰਾ ਅਲੀ ਖ਼ਾਨ ਨੇ ਸਿਲਵਰ ਡਰੈੱਸ 'ਚ ਐਂਟਰੀ ਕੀਤੀ। ਅਦਾਕਾਰਾ ਨੇ ਇਵੈਂਟ 'ਚ ਪਹੁੰਚਣ ਤੋਂ ਪਹਿਲਾਂ ਕੁਝ ਤਸਵੀਰਾਂ ਲਈਆਂ। ਮਾਧੁਰੀ ਦੀਕਸ਼ਿਤ ਨੇ ਹਲਕੀ ਗੋਲਡਨ ਸਾੜ੍ਹੀ ਪਹਿਨੀ ਸੀ, ਜਦੋਂ ਕਿ ਉਸ ਦੇ ਪਤੀ ਡਾਕਟਰ ਨੇਨੇ ਗੂੜ੍ਹੇ ਨੀਲੇ ਰੰਗ ਦੀ ਸ਼ੇਰਵਾਨੀ 'ਚ ਆਕਰਸ਼ਕ ਲੱਗ ਰਹੇ ਸਨ।

# Hardik Pandya ਭਰਾ ਤੇ ਭਾਬੀ ਨਾਲ ਪਹੁੰਚੇ ਅੰਬਾਨੀ ਦੇ ਸੰਗੀਤ ਸਮਾਰੋਹ



ਭਾਰਤੀ ਟੀਮ ਨੂੰ ਵਿਸ਼ਵ ਚੈਂਪੀਅਨ ਬਣਾਉਣ ਤੋਂ ਬਾਅਦ ਆਲਰਾਊਂਡਰ ਹਾਰਦਿਕ ਪਾਂਡਿਆ ਨੇ ਸ਼ੁੱਕਰਵਾਰ ਨੂੰ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਸੰਗੀਤ ਸਮਾਰੋਹ 'ਚ ਸ਼ਿਰਕਤ ਕੀਤੀ। ਇਸ ਦੌਰਾਨ ਉਹ ਭਰਾ ਕਰੁਣਾਲ ਪਾਂਡਿਆ, ਭਾਬੀ ਪੰਖੁਰੀ ਅਤੇ ਬੱਲੇਬਾਜ਼ ਈਸ਼ਾਨ ਕਿਸ਼ਨ ਨਾਲ ਨਜ਼ਰ ਆਏ। ਉਸ ਦੇ ਇਕੱਲੇ ਜਾਣ ਨਾਲ ਇਕ ਵਾਰ ਫਿਰ ਪਤਨੀ ਨਤਾਸ਼ਾ ਸਟੈਨਕੋਵਿਕ ਤੋਂ ਉਸ ਦੇ ਤਲਾਕ ਦੀਆਂ ਅਫਵਾਹਾਂ ਆਉਣ ਲੱਗੀਆਂ ਹਨ। ਆਈ.ਪੀ.ਐਲ. ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਹਾਰਦਿਕ ਪਾਂਡਿਆ ਕਿਸੇ ਇਵੈਂਟ 'ਚ ਨਜ਼ਰ ਆਏ ਹਨ।ਸ਼ੁੱਕਰਵਾਰ ਨੂੰ ਹਾਰਦਿਕ ਪਾਂਡਿਆ ਕਾਲੇ ਰੰਗ ਦਾ ਕੁੜਤਾ ਅਤੇ ਜੈਕੇਟ ਪਾ ਕੇ ਸੰਗੀਤ 'ਚ ਪਹੁੰਚੇ। ਉਹ ਬਹੁਤ ਖੁਸ਼ ਅਤੇ ਡੈਸ਼ਿੰਗ ਦਿਖਾਈ ਦੇ ਰਹੇ ਸਨ। ਵਿਸ਼ਵ ਚੈਂਪੀਅਨ ਬਣਨ ਦੀ ਖੁਸ਼ੀ ਉਸ ਦੇ ਚਿਹਰੇ 'ਤੇ ਸਾਫ਼ ਝਲਕ ਰਹੀ ਸੀ। ਹਾਰਦਿਕ ਨੇ ਪਹਿਲਾਂ ਇਕੱਲੇ ਅਤੇ ਬਾਅਦ 'ਚ ਪਰਿਵਾਰ ਨੂੰ ਬੁਲਾਇਆ। ਇਸ 'ਚ ਭਰਾ ਕਰੁਣਾਲ ਪਾਂਡਿਆ, ਭਾਬੀ ਪੰਖੁਰੀ ਤੇ ਬੱਲੇਬਾਜ਼ ਈਸ਼ਾਨ ਕਿਸ਼ਨ ਸ਼ਾਮਲ ਸਨ। ਉਸ ਨਾਲ ਫੋਟੋ ਖਿਚਵਾਈ। ਹਾਰਦਿਕ ਦੀ ਫੈਮਿਲੀ ਫੋਟੋ 'ਚ ਨਤਾਸ਼ਾ ਨਜ਼ਰ ਨਹੀਂ ਆਈ।ਤੁਹਾਨੂੰ ਦੱਸ ਦੇਈਏ ਕਿ ਭਾਰਤ ਨੇ ਟੀ-20 ਵਿਸ਼ਵ ਕੱਪ 2024 ਜਿੱਤਣ ਤੋਂ ਬਾਅਦ ਦੇਸ਼ ਵਾਸੀਆਂ ਨੇ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਹੈ। ਭਾਰਤ ਦੇ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਨਤਾਸ਼ਾ ਨੇ ਨਾ ਤਾਂ ਕੋਈ ਸਟੋਰੀ ਪਾਈ ਤੇ ਨਾ ਹੀ ਕੋਈ ਪੋਸਟ ਕੀਤੀ। ਇੰਨਾ ਹੀ ਨਹੀਂ ਹਾਰਦਿਕ ਦਾ ਘਰ 'ਚ ਸ਼ਾਨਦਾਰ ਸਵਾਗਤ ਕੀਤਾ ਗਿਆ। ਇੱਥੇ ਵੀ ਹਾਰਦਿਕ ਨੂੰ ਆਪਣੇ ਬੇਟੇ ਅਤੇ ਪਰਿਵਾਰ ਨਾਲ ਦੇਖਿਆ ਗਿਆ ਪਰ ਨਤਾਸ਼ਾ ਨਜ਼ਰ ਨਹੀਂ ਆਈ।

# ਆਕਾਸ਼ ਅੰਬਾਨੀ- ਰਣਬੀਰ ਅਤੇ ਆਲੀਆ ਭੱਟ ਦੇ ਧਮਾਕੇਦਾਰ ਡਾਂਸ ਨੇ ਸਟੇਜ 'ਤੇ ਲਗਾਈ ਅੱਗ




ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ 12 ਜੁਲਾਈ, 2024 ਨੂੰ ਵਿਆਹ ਦੇ ਬੰਧਨ 'ਚ ਬੱਝਣ ਲਈ ਤਿਆਰ ਹਨ। ਇਸ ਤੋਂ ਪਹਿਲਾਂ ਉਨ੍ਹਾਂ ਦਾ ਸੰਗੀਤ ਸਮਾਰੋਹ 5 ਜੁਲਾਈ ਨੂੰ ਹੋਇਆ ਸੀ। ਸਲਮਾਨ ਖ਼ਾਨ ਅਤੇ ਰਣਵੀਰ ਸਿੰਘ ਤੋਂ ਇਲਾਵਾ, ਰਣਬੀਰ ਕਪੂਰ ਅਤੇ ਆਲੀਆ ਭੱਟ ਨੇ ਵੀ ਸਿਤਾਰਿਆਂ ਨਾਲ ਭਰੀ ਸ਼ਾਮ 'ਚ ਸ਼ਿਰਕਤ ਕੀਤੀ ਅਤੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਫੈਨਜ਼ ਨੂੰ ਖੁਸ਼ ਕਰ ਦਿੱਤਾ। ਉਸ ਨੇ ਅਨੰਤ ਦੇ ਵੱਡੇ ਭਰਾ ਆਕਾਸ਼ ਅੰਬਾਨੀ ਨਾਲ ਸਟੇਜ 'ਤੇ ਸ਼ਾਨਦਾਰ ਡਾਂਸ ਕੀਤਾ।ਰਣਬੀਰ ਕਪੂਰ ਅਤੇ ਆਕਾਸ਼ ਅੰਬਾਨੀ ਬਚਪਨ ਦੇ ਦੋਸਤ ਹਨ ਅਤੇ ਦੋਵਾਂ ਨੇ ਆਲੀਆ ਭੱਟ ਨਾਲ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਸੰਗੀਤ 'ਤੇ ਡਾਂਸ ਕੀਤਾ। ਤਿੰਨਾਂ ਦੇ ਡਾਂਸ ਦੀ ਇੱਕ ਛੋਟੀ ਜਿਹੀ ਝਲਕ ਇੰਟਰਨੈੱਟ 'ਤੇ ਵਾਇਰਲ ਹੋ ਰਹੀ ਹੈ, ਜਿੱਥੇ ਉਨ੍ਹਾਂ ਨੂੰ 'ਸ਼ੋ ਮੀ ਦ ਠੁਮਕਾ' ਦੀ ਧੁਨ 'ਤੇ ਨੱਚਦੇ ਹੋਏ ਦੇਖਿਆ ਜਾ ਸਕਦਾ ਹੈ। ਆਲੀਆ ਭੱਟ ਬਲੈਕ ਮਰਮੇਡ-ਕੱਟ ਲਹਿੰਗੇ 'ਚ ਖੂਬਸੂਰਤ ਲੱਗ ਰਹੀ ਸੀ ਜਿਸ 'ਤੇ ਸਿਲਵਰ ਅਤੇ ਗੋਲਡਨ ਧਾਗੇ ਦਾ ਕੰਮ ਕੀਤਾ ਗਿਆ ਸੀ। ਲਹਿੰਗਾ ਫਿਸ਼-ਕੱਟ ਵੇਰਵੇ ਨੂੰ ਪ੍ਰਦਰਸ਼ਿਤ ਕਰਦਾ ਹੈ, ਜਦੋਂ ਕਿ ਚੋਲੀ 'ਚ ਇੱਕ ਸਵੀਟਹਾਰਟ ਨੇਕਲਾਈਨ ਅਤੇ ਸਟ੍ਰੈਪੀ ਸਲੀਵਜ਼ ਸਨ। ਆਲੀਆ ਨੇ ਇੱਕ ਮੋਢੇ 'ਤੇ ਪਿੰਨ ਕੀਤੇ ਦੁਪੱਟੇ ਅਤੇ ਹੀਰਿਆਂ ਦੀਆਂ ਚੂੜੀਆਂ ਨਾਲ ਆਪਣਾ ਲੁੱਕ ਪੂਰਾ ਕੀਤਾ।

# ਪਾਲੀਵੁੱਡ ਜਗਤ ਤੋਂ ਮੰਦਭਾਗੀ ਖ਼ਬਰ, ਮਸ਼ਹੂਰ ਗਾਇਕ ਦੀ ਸੜਕ ਹਾਦਸੇ 'ਚ ਮੌਤ

-ਕਿਸ਼ਨਗੜ੍ਹ-ਕਰਤਾਰਪੁਰ ਲਿੰਕ ਸੜਕ 'ਤੇ ਸਥਿਤ ਅੱਡਾ ਨੌਗੱਜਾ ਦੇ ਨਜ਼ਦੀਕ ਪੰਜਾਬੀ ਗਾਇਕ ਦਲਵੀਰ ਸ਼ੌਕੀ ਦੀ ਕਾਰ ਸਫ਼ੈਦੇ ਨਾਲ ਟਕਰਾਉਣ ਨਾਲ ਮੌਕੇ 'ਤੇ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਦਲਵੀਰ ਸਿੰਘ ਉਰਫ਼ ਸ਼ੌਕੀ ਪੁੱਤਰ ਜੋਗਿੰਦਰ ਪਾਲ ਨਿਵਾਸੀ ਨੌਗੱਜਾ ਕਾਲੋਨੀ, ਜੋਕਿ ਭੁਲੱਥ ਨੇੜੇ ਕਿਸੇ ਪ੍ਰੋਗਰਾਮ ਤੋਂ ਵਾਪਸ ਬੀਤੇ ਦਿਨ ਸਵੇਰੇ 6 ਵਜੇ ਦੇ ਕਰੀਬ ਆਪਣੀ ਕਾਰ 'ਚ ਆਪਣੇ ਪਿੰਡ ਆ ਰਿਹਾ ਸੀ।



# ਅਨੰਤ-ਰਾਧਿਕਾ ਦੀ ਸੰਗੀਤ ਸੈਰੇਮਨੀ 'ਚ ਪੌਪ ਸਿੰਗਰ ਜਸਟਿਨ ਬੀਬਰ ਨੇ ਲਗਾਈਆਂ ਰੌਣਕਾਂ, ਅਮਰੀਕਾ ਲਈ ਹੋਏ ਰਵਾਨਾ



ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਨੂੰ ਹੁਣ 1 ਹਫਤੇ ਤੋਂ ਵੀ ਘੱਟ ਸਮਾਂ ਬਚਿਆ ਹੈ। ਦੋਵੇਂ 12 ਜੁਲਾਈ ਨੂੰ ਵਿਆਹ ਕਰਨਗੇ। ਇਸ ਵਿਆਹ ਤੋਂ ਪਹਿਲਾਂ ਅੰਬਾਨੀ ਪਰਿਵਾਰ ਨੇ ਇੱਕ ਸ਼ਾਨਦਾਰ ਸੰਗੀਤ ਸਮਾਰੋਹ ਦਾ ਆਯੋਜਨ ਕੀਤਾ, ਜਿਸ 'ਚ ਬਾਲੀਵੁੱਡ ਅਤੇ ਕ੍ਰਿਕਟਰਾਂ ਸਮੇਤ ਕਈ ਮਸ਼ਹੂਰ ਹਸਤੀਆਂ ਨੇ ਸ਼ਿਰਕਤ ਕੀਤੀ। ਮਸ਼ਹੂਰ ਹਾਲੀਵੁੱਡ ਪੌਪ ਸਿੰਗਰ ਜਸਟਿਨ ਬੀਬਰ ਇਸ ਸੈਲੀਬ੍ਰੇਸ਼ਨ ਨੂੰ ਚਾਰ ਚੰਨ ਲਗਾਉਣ ਪਹੁੰਚੇ ਸਨ। ਉਨ੍ਹਾਂ ਨੇ ਸੰਗੀਤ ਸਮਾਰੋਹ 'ਚ ਜ਼ਬਰਦਸਤ ਪਰਫਾਰਮੈਂਸ ਦਿੱਤੀ, ਜਿਸ ਦੀਆਂ ਵੀਡੀਓਜ਼ ਹੁਣ ਵਾਇਰਲ ਹੋ ਰਹੀਆਂ ਹਨ। ਮੁੰਬਈ 'ਚ ਅੰਬਾਨੀ ਪਰਿਵਾਰ ਨਾਲ ਇਕ ਯਾਦਗਾਰੀ ਸ਼ਾਮ ਤੋਂ ਬਾਅਦ ਜਸਟਿਨ ਬੀਬਰ ਅੱਜ ਸਵੇਰੇ ਅਮਰੀਕਾ ਲਈ ਰਵਾਨਾ ਹੋ ਗਏ।ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਤੋਂ ਠੀਕ ਪਹਿਲਾਂ ਹੋਏ ਸੰਗੀਤ ਸਮਾਰੋਹ 'ਚ ਜਸਟਿਨ ਬੀਬਰ ਨੇ ਆਪਣੀ ਆਵਾਜ਼ ਦਾ ਜਾਦੂ ਬਿਖੇਰ ਕੇ ਮਹਿਮਾਨਾਂ ਨੂੰ ਆਪਣਾ ਦੀਵਾਨਾ ਬਣਾ ਦਿੱਤਾ। ਉਸ ਨੇ 'ਬੇਬੀ', 'ਨੇਵਰ ਲੇਟ ਯੂ ਗੋ', 'ਲਵ ਯੂਅਰਸੇਲਫ', 'ਪੀਚਸ', 'ਬੁਆਏਫ੍ਰੈਂਡ', 'ਸੌਰੀ' ਅਤੇ 'ਹੁਏ ਆਰ ਯੂ ਨਾਓ' ਵਰਗੇ ਮਸ਼ਹੂਰ ਗੀਤਾਂ ਨਾਲ ਰੰਗ ਬੰਨ੍ਹੀ। ਇਸ ਦੌਰਾਨ ਉਹ ਓਰਹਾਨ ਅਵਤਰਮਣੀ ਉਰਫ਼ ਓਰੀ ਨਾਲ 'ਵੇਅਰ ਆਰ ਯੂ ਨਾਓ' ਗਾਉਂਦੇ ਹੋਏ ਨਜ਼ਰ ਆਏ।ਪੌਪ ਸਟਾਰ ਜਸਟਿਨ ਬੀਬਰ ਸ਼ੁੱਕਰਵਾਰ ਸ਼ਾਮ ਨੂੰ ਆਪਣਾ ਪਰਫਾਰਮੈਂਸ ਖਤਮ ਕਰਕੇ ਮੁੰਬਈ ਤੋਂ ਮਿਆਮੀ ਲਈ ਰਵਾਨਾ ਹੋ ਗਿਆ। ਵਾਇਰਲ ਭਯਾਨੀ ਦੁਆਰਾ ਸ਼ੇਅਰ ਕੀਤੇ ਗਏ ਇੱਕ ਵੀਡੀਓ 'ਚ ਜਸਟਿਨ ਸ਼ਨੀਵਾਰ ਤੜਕੇ ਮੁੰਬਈ ਦੇ ਇੱਕ ਪ੍ਰਾਈਵੇਟ ਟਰਮੀਨਲ 'ਤੇ ਪਹੁੰਚਦੇ ਹੋਏ ਦਿਖਾਈ ਦਿੱਤੇ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਮੈਨੇਜਰ ਅਤੇ ਹੋਰ ਸਟਾਫ ਵੀ ਮੌਜੂਦ ਸੀ।

ਜਸਟਿਨ ਬੀਬਰ ਨੇ ਪਿਛਲੇ ਇੱਕ ਸਾਲ ਤੋਂ ਆਪਣਾ ਵਿਸ਼ਵ ਦੌਰਾ ਰੱਦ ਕਰ ਦਿੱਤਾ ਸੀ। ਇਸ ਦਾ ਕਾਰਨ ਉਸ ਦੀ ਬੀਮਾਰੀ ਸੀ। ਦਰਅਸਲ, ਉਸ ਨੂੰ ਰਾਮਸੇ ਹੰਟ ਸਿੰਡਰੋਮ ਹੈ। ਇਸ ਕਾਰਨ ਪੀੜਤ ਦਾ ਚਿਹਰਾ ਅਧਰੰਗ ਹੋ ਜਾਂਦਾ ਹੈ। ਪ੍ਰਭਾਵਿਤ ਵਿਅਕਤੀ ਆਪਣੀਆਂ ਅੱਖਾਂ ਝਪਕਣ ਤੋਂ ਅਸਮਰੱਥ ਹੁੰਦਾ ਹੈ, ਜਿਸ ਕਾਰਨ ਕੋਰਨੀਆ ਦੇ ਖਰਾਬ ਹੋਣ ਦਾ ਡਰ ਰਹਿੰਦਾ ਹੈ। ਅਧਰੰਗ ਦੇ ਪਾਸੇ ਕੰਨ 'ਚ ਦਰਦ, ਗਰਦਨ ਵਿੱਚ ਦਰਦ, ਸੁਣਨ ਵਿੱਚ ਕਮੀ, ਸਵਾਦ ਨਾ ਆਉਣਾ ਇਸ ਸਿੰਡਰੋਮ ਦੇ ਲੱਛਣ ਹਨ। ਇਸ ਦੀ ਜਾਣਕਾਰੀ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕਰਕੇ ਦਿੱਤੀ ਹੈ। ਲੋਕ ਪਿਛਲੇ ਇੱਕ ਸਾਲ ਤੋਂ ਉਸਦੀ ਵਾਪਸੀ ਦੀ ਉਡੀਕ ਕਰ ਰਹੇ ਸਨ।

# ਨਿਊਯਾਰਕ ਸਿਟੀ 'ਚ ਪ੍ਰਦਰਸ਼ਨ ਦੌਰਾਨ ਇਜ਼ਰਾਈਲ ਵਿਰੋਧੀ ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡਾ ਸਾੜਿਆ



ਬੀਤੇਂ ਦਿਨ ਇਜ਼ਰਾਈਲ ਵਿਰੋਧੀ ਪ੍ਰਦਰਸ਼ਨਕਾਰੀਆਂ ਨੇ ਵਾਸ਼ਿੰਗਟਨ ਸਕੁਏਅਰ ਪਾਰਕ ਨਿਊਯਾਰਕ ਵਿੱਚ ਇਕੱਠੇ ਹੋ ਕੇ ਅਮਰੀਕੀ ਝੰਡੇ ਨੂੰ ਅੱਗ ਲਗਾ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਇਜ਼ਰਾਈਲ ਨੂੰ ਅਮਰੀਕੀ ਸਹਾਇਤਾ ਮਿਲਣ ਦਾ ਵਿਰੋਧ ਵੀ ਕੀਤਾ। ਇਸ ਦੌਰਾਨ ਇਜ਼ਰਾਈਲ ਵਿਰੋਧੀ ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨੇ ਬੀਤੇਂ ਦਿਨ 4 ਜੁਲਾਈ ਨੂੰ ਛੁੱਟੀ ਵਾਲੇ ਦਿਨ ਮੈਨਹਾਟਨ ਨਿਊਯਾਰਕ ਸਿਟੀ ਵਿੱਚ ਅਮਰੀਕੀ ਝੰਡੇ ਨੂੰ ਸਾੜ ਕੇ ਅਤੇ ਯਹੂਦੀ ਰਾਜ ਦੇ ਸਮਰਥਨ ਵਿੱਚ ਅਮਰੀਕਾ ਵਿਰੋਧੀ ਨਾਅਰੇ ਲਗਾਏ।ਇਸ ਸਮੇਂ ਲਗਭਗ 100 ਦੇ ਕਰੀਬ ਪ੍ਰਦਰਸ਼ਨਕਾਰੀ ਮੈਨਹਟਨ ਦੇ ਵਾਸ਼ਿੰਗਟਨ ਸਕੁਏਅਰ ਪਾਰਕ ਵਿੱਚ ਇਕੱਠੇ ਹੋਏ ਜਿੱਥੇ ਉਨ੍ਹਾਂ ਨੇ 7 ਅਕਤੂਬਰ ਨੂੰ ਇਜ਼ਰਾਈਲੀ ਭਾਈਚਾਰਿਆਂ 'ਤੇ ਅੱਤਵਾਦੀ ਸਮੂਹ ਦੇ ਘਾਤਕ ਹਮਲੇ ਤੋਂ ਬਾਅਦ ਗਾਜ਼ਾ ਪੱਟੀ ਵਿੱਚ ਹਮਾਸ ਵਿਰੁੱਧ ਇਜ਼ਰਾਈਲ ਦੀ ਲੜਾਈ ਦਾ ਜੰਮ ਕੇ ਵਿਰੋਧ ਵੀ ਕੀਤਾ। ਨਿਊਯਾਰਕ ਪੁਲਸ ਵਿਭਾਗ ਵਲੋਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ੱਕੀ ਵਿਰੁੱਧ ਦੋਸ਼ਾਂ ਦਾ ਖੁਲਾਸਾ ਨਹੀਂ ਕੀਤਾ ਗਿਆ।ਜ਼ਿਆਦਾਤਰ ਨੌਜਵਾਨ ਦਿਖਾਈ ਦੇਣ ਵਾਲੀ ਭੀੜ ਨੂੰ " ਐਫ-ਕੇ ਇਜ਼ਰਾਈਲ ," ਐਫ-ਕੇ ਯੂਐਸਏ" ਅਤੇ 'ਇਜ਼ਰਾਈਲ ਬੰਬ, ਯੂਐਸਏ ਹੇ, ਤੁਸੀਂ ਅੱਜ ਕਿੰਨੇ ਬੱਚਿਆਂ ਨੂੰ ਮਾਰਿਆ?" ਦੇ ਨਾਅਰੇ ਲਾ ਰਹੇ ਸਨ। ਇਜ਼ਰਾਈਲ ਵਿਰੋਧੀ ਪ੍ਰਦਰਸ਼ਨਕਾਰੀ ਹੋਰ ਨਾਅਰੇ ਵਿੱਚ "ਮੁਫ਼ਤ ਮੁਫ਼ਤ ਮੁਫ਼ਤ ਫਲਸਤੀਨ" ਅਤੇ "ਇਸ ਨੂੰ ਸਾੜ ਦਿਓ" ਵੀ ਸ਼ਾਮਲ ਸਨ।


# ਸਿਰਫ਼ 'ਸਰਬਸ਼ਕਤੀਮਾਨ ਭਗਵਾਨ' ਹੀ ਮੈਨੂੰ ਰਾਸ਼ਟਰਪਤੀ ਚੋਣ ਦੀ ਦੌੜ ਤੋਂ ਕਰ ਸਕਦੇ ਹਨ ਬਾਹਰ



ਜੋਅ ਬਾਈਡੇਨ ਨੇ ਸ਼ੁੱਕਰਵਾਰ ਨੂੰ ਡੋਨਾਲਡ ਟਰੰਪ ਦੇ ਨਾਲ ਰਾਸ਼ਟਰਪਤੀ ਚੋਣ ਪ੍ਰਕਿਰਿਆ ਦੇ ਅਧੀਨ ਪਹਿਲੀ ਬਹਿਸ ਵਿਚ ਆਪਣੇ ਖਰਾਬ ਪ੍ਰਦਰਸ਼ਨ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ ਕਿ ਉਹ ਬਹਿਸ ਤੋਂ ਪਹਿਲਾਂ 'ਥੱਕੇ ਹੋਏ ਅਤੇ ਬਿਮਾਰ' ਸਨ। ਅਮਰੀਕੀ ਰਾਸ਼ਟਰਪਤੀ ਬਾਈਡੇਨ ਨੇ ਇਹ ਵੀ ਕਿਹਾ ਕਿ ਸਿਰਫ਼ 'ਸਰਬਸ਼ਕਤੀਮਾਨ ਭਗਵਾਨ' ਹੀ ਉਸ ਨੂੰ 5 ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਦੀ ਦੌੜ ਤੋਂ ਹਟਾ ਸਕਦਾ ਹੈ। ਬਾਈਡੇਨ (81) ਨੇ ਇਕ ਟੈਲੀਵਿਜ਼ਨ ਚੈਨਲ ਨੂੰ ਦਿੱਤੇ ਇੰਟਰਵਿਊ 'ਚ ਇਹ ਗੱਲ ਕਹੀ। ਰਾਸ਼ਟਰਪਤੀ ਚੋਣ ਪ੍ਰਕਿਰਿਆ ਦੇ ਹਿੱਸੇ ਵਜੋਂ, ਅਟਲਾਂਟਾ 'ਚ 27 ਜੂਨ ਨੂੰ ਸਾਬਕਾ ਰਾਸ਼ਟਰਪਤੀ ਟਰੰਪ ਨਾਲ ਬਹਿਸ 'ਚ ਉਨ੍ਹਾਂ ਦੇ ਖਰਾਬ ਪ੍ਰਦਰਸ਼ਨ ਤੋਂ ਬਾਅਦ ਬਾਈਡੇਨ ਦੀ ਲੋਕਪ੍ਰਿਅਤਾ ਦੀ 'ਰੇਟਿੰਗ' ਡਿੱਗ ਗਈ ਹੈ, ਜਿਸ ਤੋਂ ਬਾਅਦ ਉਨ੍ਹਾਂ ਦੀ ਆਪਣੀ ਪਾਰਟੀ ਦੇ ਕੁਝ ਨੇਤਾਵਾਂ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਚੋਣ ਦੀ ਦੌੜ ਤੋਂ ਬਾਹਰ ਹੋਣ ਦੀ ਅਪੀਲ ਕੀਤੀ ਸੀ। ਦੂਜੀ ਵਾਰ ਰਾਸ਼ਟਰਪਤੀ ਬਣਨ ਦੇ ਟੀਚੇ ਲਈ ਚੋਣ ਮੈਦਾਨ 'ਚ ਉਤਰੇ ਬਾਈਡੇਨ ਨੇ ਟਰੰਪ 'ਤੇ 'ਆਦਤਨ ਝੂਠਾ' ਹੋਣ ਦਾ ਦੋਸ਼ ਲਗਾਇਆ।


ਬਾਈਡੇਨ ਨੇ 'ਏਬੀਸੀ ਨਿਊਜ਼' ਨਾਲ ਇੰਟਰਵਿਊ ਦੌਰਾਨ ਰਾਸ਼ਟਰਪਤੀ ਅਹੁਦੇ ਦੀ ਚੋਣ ਦੇ ਅਧੀਨ ਆਪਣੀ ਪਹਿਲੀ ਬਹਿਸ 'ਚ ਆਪਣੇ ਖ਼ਰਾਬ ਪ੍ਰਦਰਸ਼ਨ ਨੂੰ ਲੈ ਕੇ ਕਿਹਾ,''ਇਹ ਇਕ ਬੁਰਾ ਐਪੀਸੋਡ ਸੀ। ਕਿਸੇ ਗੰਭੀਰ ਸਥਿਤੀ ਦਾ ਕੋਈ ਸੰਕੇਤ ਨਹੀਂ ਸੀ। ਮੈਂ ਥੱਕ ਗਿਆ ਸੀ। ਮੈਂ ਤਿਆਰੀ ਦੌਰਾਨ ਆਪਣੇ ਮਨ ਦੀ ਨਹੀਂ ਸੁਣੀ ਅਤੇ ਇਹ ਸਿਰਫ਼ ਇਕ ਬੁਰੀ ਰਾਤ ਸੀ।'' ਇਹ ਬਹਿਸ ਤੋਂ ਬਾਅਦ ਕਿਸੇ ਟੈਲੀਵਿਜ਼ਨ ਚੈਨਲ ਨਾਲ ਉਨ੍ਹਾਂ ਦਾ ਪਹਿਲਾ ਇੰਟਰਵਿਊ ਸੀ। ਉਨ੍ਹਾਂ ਕਿਹਾ,''ਮੈਂ ਬੀਮਾਰ ਸੀ। ਡਾਕਟਰ ਮੇਰੇ ਨਾਲ ਸਨ। ਮੈਂ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਨ੍ਹਾਂ ਨੇ ਮੇਰੀ ਕੋਵਿਡ-19 ਸੰਬੰਧੀ ਜਾਂਚ ਕੀਤੀ ਹੈ। ਉਹ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਮੇਰੇ ਬੀਮਾਰ ਹੋਣ ਦਾ ਕਾਰਨ ਕੀ ਹੈ। ਉਨ੍ਹਾਂ ਨੇ ਮੇਰੀ ਕੋਵਿਡ ਜਾਂਚ ਕੀਤੀ ਪਰ ਮੈਨੂੰ ਇਨਫੈਕਸ਼ਨ ਨਹੀਂ ਹੋਇਆ ਸੀ। ਮੈਨੂੰ ਬੱਸ ਸਰਦੀ ਲੱਗੀ ਸੀ।'' ਬਾਈਡੇਨ ਨੇ ਕਿਹਾ ਕਿ ਬਹਿਸ 'ਚ ਉਨ੍ਹਾਂ ਦੇ ਖ਼ਰਾਬ ਪ੍ਰਦਰਸ਼ਨ 'ਚ ਕਿਸੇ ਹੋਰ ਦੀ ਨਹੀਂ ਸਗੋਂ ਮੇਰੀ ਗਲਤੀ ਸੀ। ਬਾਈਡੇਨ ਨੇ ਕਿਹਾ ਕਿ ਡੈਮੋਕ੍ਰੇਟਿਕ ਪਾਰਟੀ ਦੇ ਕਿਸੇ ਵੀ ਮੁੱਖ ਨੇਤਾ ਨੇ ਉਨ੍ਹਾਂ ਨੂੰ ਚੋਣ ਤੋਂ ਹਟਣ ਲਈ ਨਹੀਂ ਕਿਹਾ ਹੈ। ਉਨ੍ਹਾਂ ਕਿਹਾ ਕਿ ਉਹ ਰਾਸ਼ਟਰਪਤੀ ਚੋਣ ਦੀ ਦੌੜ ਤੋਂ ਉਦੋਂ ਹਟਣਗੇ, ਜਦੋਂ 'ਸਰਬਸ਼ਕਤੀਮਾਨ ਭਗਵਾਨ' ਉਨ੍ਹਾਂ ਨੂੰ ਅਜਿਹਾ ਕਰਨ ਲਈ ਕਹਿਣਗੇ।

# ਰਾਜਧਾਨੀ ਰੋਮ ਦੇ ਕਾਲੀ ਮਾਤਾ ਮੰਦਰ ਵਿਖੇ ਤੀਜਾ ਵਿਸ਼ਾਲ ਭਗਵਤੀ ਜਾਗਰਣ 6 ਜੁਲਾਈ ਨੂੰ




ਰਾਜਧਾਨੀ ਰੋਮ ਦੇ ਪ੍ਰਸਿੱਧ ਕਾਲੀ ਮਾਤਾ ਮੰਦਰ ਵਿਖੇ ਹਰ ਸਾਲ ਦੀ ਤਰ੍ਹਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਸ ਸਾਲ ਵੀ ਤੀਜਾ ਵਿਸ਼ਾਲ ਭਗਵਤੀ ਜਾਗਰਣ 6 ਜੁਲਾਈ ਦਿਨ ਸ਼ਨੀਵਾਰ ਸ਼ਾਮ ਨੂੰ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਜਾਗਰਣ 'ਚ ਰਾਜਗਾਯਕ ਕਾਲਾ ਪਨੇਸਰ ,ਮੋਹਿਤ ਸ਼ਰਮਾ,ਅਨਮੋਲ ਪਨੇਸਰ, ਹਰੀਸ਼ ਭਾਰਗਵ ਅਤੇ ਅਮਿਤ ਬਮੋਤਰਾ ਮਿਊਜ਼ਿਕਲ ਗਰੁੱਪ ਮਾਤਾ ਰਾਣੀ ਦਾ ਗੁਣਗਾਨ ਕਰਨਗੇ। ਇਸ ਜਾਗਰਣ 'ਚ ਰਾਜਦੂਤ ਸ਼੍ਰੀਮਤੀ ਬਾਨੀ ਰਾਓ ਵਿਸ਼ੇਸ਼ ਤੌਰ 'ਤੇ ਭਾਰਤੀ ਅੰਬੈਸੀ ਵਲੋਂ ਪਹੁੰਚ ਰਹੇ ਹਨ। ਰੌਕੀ ਸ਼ਾਰਦਾ,ਮੁਨੀਸ਼ ਸ਼ਾਰਦਾ, ਈਸ਼ਾ ਸ਼ਾਰਦਾ, ਕਿਰਨ ਸ਼ਾਰਦਾ , ਰਾਜਨ ਸ਼ਰਮਾ ਅਤੇ ਕਮੇਟੀ ਦੀ ਵਲੋਂ ਜਾਗਰਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਮੌਕੇ ਜਾਗਰਣ ਵਿੱਚ ਵੱਖ ਵੱਖ ਤਰਾਂ ਦੇ ਸਟਾਲ ਲੱਗਣਗੇ। ਸਾਰੀ ਇਟਲੀ ਤੋਂ ਦੂਰ ਦੂਰ ਤੋਂ ਸੰਗਤਾਂ ਪਹੁੰਚ ਰਹੀਆਂ ਹਨ ।ਜਾਗਰਣ ਵਿੱਚ ਕਰੇਮਾ ਤੋਂ ਇੰਮੀਗਰੇਸ਼ਨ ਦੇ ਮਾਹਰ ਬੱਗਾ ਬ੍ਰਦਰਜ਼ , ਇੰਡੀਅਨ ਕਮਿਊਨਿਟੀ ਲਾਸੀਓ ਦੇ ਪ੍ਰਧਾਨ ਗੁਰਮੁੱਖ ਸਿੰਘ ਹਜਾਰਾ, ਲਵੀਨੀਓ ਮੰਦਿਰ ਤੋਂ ਦਲਵੀਰ ਭੱਟੀ ਪ੍ਰਧਾਨ ,ਵਿਸ਼ਨੂੰ ਕੁਮਾਰ ਸੋਨੀ ਕਮੇਟੀ ਮੈਂਬਰ ਅਤੇ ਬੋਰਗੋ ਹਰਦਾਮਾ ਤੇਰਾਚੀਨਾ ਮੰਦਿਰ ਤੋਂ ਮੋਨੂੰ ਬਰਾਣਾ ਅਤੇ ਕਮੇਟੀ ਮੈਂਬਰ ਪਹੁੰਚ ਰਹੇ ਹਨ। ਮੰਦਰ ਕਮੇਟੀ ਵਲੋਂ ਜਾਗਰਣ ਵਿੱਚ ਸਾਰੀਆਂ ਸੰਗਤਾਂ ਨੂੰ ਹੁੰਮ ਹੁਮਾ ਕੇ ਜਾਗਰਣ 'ਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

# ਪਹਿਲੀ ਵਾਰ ਰੋਬੋਟ ਨੇ ਕੀਤੀ 'ਖ਼ੁਦਕੁਸ਼ੀ




ਇਕ ਰੋਬੋਟ ਵਲੋਂ 'ਖ਼ੁਦਕੁਸ਼ੀ' ਕਰਨ ਦਾ ਅਜੀਬੋ-ਗਰੀਬ ਮਾਮਲਾ ਸਾਹਮਣੇ ਆਇਆ ਹੈ। ਰੋਬੋਟ ਨੇ ਪੌੜੀਆਂ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਰੋਬੋਟ ਦੀ ਖ਼ੁਦਕੁਸ਼ੀ ਦੀ ਕੋਸ਼ਿਸ਼ ਤੋਂ ਬਾਅਦ ਵਿਗਿਆਨੀ ਹੁਣ ਇਸ ਨੂੰ ਜਾਂਚ ਅਤੇ ਰਿਸਰਚ ਦਾ ਵਿਸ਼ਾ ਮੰਨ ਰਹੇ ਹਨ। ਰੋਬੋਟ ਦੀ ਖ਼ੁਦਕੁਸ਼ੀ ਦਾ ਮਾਮਲਾ ਸਾਊਥ ਕੋਰੀਆ ਦਾ ਹੈ, ਇੱਥੇ ਸੈਂਟਰਲ ਸਾਊਥ ਕੋਰੀਆ ਦੀ ਨਗਰਪਾਲਿਕਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹ ਰੋਬੋਟ ਦੀ ਖ਼ੁਦਕੁਸ਼ੀ ਦੇ ਮਾਮਲੇ ਦੀ ਜਾਂਚ ਕਰਨ ਵਾਲੀ ਹੈ।

ਰਿਪੋਰਟ ਅਨੁਸਾਰ ਤਾਂ ਰੋਬੋਟ 9 ਤੋਂ 6 ਵਜੇ ਤੱਕ ਕੰਮ ਕਰਦਾ ਸੀ। ਉਹ ਇੱਥੇ ਪਬਲਿਕ ਸਰਵਿਸ ਕਰਦਾ ਸੀ ਅਤੇ ਇਸ ਦਾ ਕਾਰਡ ਵੀ ਉਸ ਨੂੰ ਮਿਲਿਆ ਹੋਇਆ ਸੀ। ਇਸ ਰੋਬੋਟ ਨੂੰ ਐਲੀਵੇਟਰ ਆਪਰੇਸ਼ਨ ਦਾ ਕੰਮ ਵੀ ਦਿੱਤਾ ਹੋਇਆ ਸੀ। ਇਹੀ ਕਾਰਨ ਹੈ ਕਿ ਲੋਕਾਂ ਦਾ ਕਹਿਣਾ ਹੈ ਕਿ ਰੋਬੋਟ ਨੇ ਇਸ ਦੇ ਦਬਾਅ ਕਾਰਨ ਇਹ ਕਦਮ ਚੁੱਕਿਆ ਹੈ। ਸਾਊਥ ਕੋਰੀਆ 'ਚ ਮਸ਼ੀਨਾਂ ਤੋਂ ਕੰਮ ਬਹੁਤ ਪਹਿਲੇ ਕਰਵਾਇਆ ਜਾਂਦਾ ਰਿਹਾ ਹੈ। ਇੱਥੇ ਬਾਰੇ ਕਿਹਾ ਜਾਂਦਾ ਹੈ ਕਿ ਹਰ 10 ਆਦਮੀ 'ਤੇ ਇੱਥੇ ਇਕ ਰੋਬੋਟ ਪਾਇਆ ਜਾਂਦਾ ਹੈ। ਹਾਲਾਂਕਿ ਅਜੇ ਤੱਕ ਇਸ 'ਤੇ ਬਹੁਤ ਵੱਖ-ਵੱਖ ਦਾਅਵੇ ਕੀਤੇ ਜਾ ਰਹੇ ਹਨ ਪਰ ਰਿਪੋਰਟਸ 'ਚ ਦਾਅਵਾ ਕੀਤਾ ਗਿਆ ਹੈ ਕਿ ਰੋਬੋਟ 'ਤੇ ਕੰਮ ਦਾ ਬਹੁਤ ਜ਼ਿਆਦਾ ਦਬਾਅ ਸੀ ਅਤੇ ਉਸ ਇਸ ਤੋਂ ਕਾਫ਼ੀ ਪਰੇਸ਼ਾਨ ਹੋ ਗਿਆ ਸੀ। ਉੱਥੇ ਹੀ ਸੈਂਟਰਲ ਸਾਊਥ ਕੋਰੀਆ ਨਗਰ ਨਿਗਮ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਰੋਬੋਟ ਬੀਤੇ ਇਕ ਸਾਲ ਤੋਂ ਗੁਮੀ ਸ਼ਹਿਰ ਦੇ ਵਾਸੀਆਂ ਦੇ ਪ੍ਰਸ਼ਾਸਨਿਕ ਕੰਮਾਂ 'ਚ ਮਦਦ ਕਰਦਾ ਸੀ। ਚਸ਼ਮਦੀਦਾਂ ਨੇ ਰੋਬੋਟ ਨੂੰ ਡਿੱਗਣ ਤੋਂ ਪਹਿਲੇ ਇੱਧਰ-ਉੱਧਰ ਘੁੰਮਦੇ ਦੇਖਿਆ, ਜਿਵੇਂ ਕੁਝ ਗੜਬੜ ਹੋਵੇ।

# ਯੂਕ੍ਰੇਨ ਖ਼ਿਲਾਫ਼ ਜਿੱਤ ਹਾਸਲ ਕਰਨ ਲਈ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ



ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਨੇ ਕਿਹਾ ਕਿ ਉਨ੍ਹਾਂ ਨੂੰ ਯੂਕ੍ਰੇਨ ਖ਼ਿਲਾਫ਼ ਜਿੱਤ ਹਾਸਲ ਕਰਨ ਲਈ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ ਪਰ ਜੇਕਰ ਯੂਕ੍ਰੇਨ ਦੀ ਮਦਦ ਕਰ ਰਹੇ ਪੱਛਮੀ ਦੇਸ਼ ਸੋਚਦੇ ਹਨ ਕਿ ਮਾਸਕੋ ਅਜਿਹਾ ਕਦੇ ਨਹੀਂ ਕਰੇਗਾ ਤਾਂ ਇਹ ਉਨ੍ਹਾਂ ਦੀ ਗਲਤੀ ਹੈ। ਪੁਤਿਨ ਨੇ ਇਹ ਸੰਦੇਸ਼ ਅਜਿਹੇ ਸਮੇਂ 'ਚ ਦਿੱਤਾ ਹੈ ਜਦੋਂ ਯੂਕ੍ਰੇਨੀ ਫ਼ੌਜ ਫ਼ੋਰਸਾਂ ਨੂੰ ਉੱਤਰ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਸਹਿਯੋਗੀ ਦੇਸ਼ ਮਦਦ ਪਹੁੰਚਾਉਣ ਲਈ ਕਦਮ ਚੁੱਕ ਰਹੇ ਹਨ। ਪੁਤਿਨ ਨੇ ਇਨ੍ਹਾਂ ਨਾਟੋ ਮੈਂਬਰਾਂ ਨੂੰ ਸਪੱਸ਼ਟ ਸੰਦੇਸ਼ ਦਿੱਤਾ ਕਿ ਯੂਕ੍ਰੇਨ ਨੂੰ ਫ਼ੌਜ ਮੁਹੱਈਆ ਕਰਵਾਉਣ 'ਤੇ ਉਨ੍ਹਾਂ ਦਾ ਰੂਸ ਨਾਲ ਸੰਘਰਸ਼ ਹੋ ਸਕਦਾ ਹੈ ਜੋ ਪਰਮਾਣੂ ਸੰਘਰਸ਼ 'ਚ ਬਦਲ ਸਕਦਾ ਹੈ। ਮਾਸਕੋ ਨੇ ਹਾਲ 'ਚ ਦੱਖਣੀ ਰੂਸ 'ਚ ਸਹਿਯੋਗੀ ਬੇਲਾਰੂਸ ਨਾਲ ਮਿਲ ਕੇ ਆਪਣੇ ਪਰਮਾਣੂ ਹਥਿਆਰ ਸੰਬੰਧੀ ਰਣਨੀਤਕ ਤਿਆਰੀ ਲਈ ਅਭਿਆਸ ਕੀਤਾ। ਪੱਛਮੀ ਦੇਸ਼ ਯੂਕ੍ਰੇਨ 'ਚ ਨਾਟੋ ਫ਼ੌਜੀਆਂ ਦੀ ਤਾਇਨਾਤੀ ਅਤੇ ਰੂਸੀ ਖੇਤਰ 'ਚ ਸੀਮਿਤ ਹਮਲਿਆਂ ਲਈ ਉਸ ਨੂੰ ਲੰਬੀ ਦੂਰੀ ਦੇ ਹਥਿਆਰਾਂ ਦਾ ਉਪਯੋਗ ਕਰਨ ਦੀ ਮਨਜ਼ੂਰੀ ਦੇਣ 'ਤੇ ਵਿਚਾਰ ਕਰ ਰਹੇ ਹਨ।

ਰੂਸ ਨੇ ਆਪਣੇ ਫ਼ੌਜ ਅਭਿਆਸ ਨੂੰ ਪੱਛਮੀ ਦੇਸ਼ਾਂ ਦੇ ਇਸ ਕਦਮ ਦੀ ਪ੍ਰਤੀਕਿਰਿਆ ਦੱਸਿਆ। ਪੁਤਿਨ ਨੇ ਯੂਕ੍ਰੇਨ 'ਚ 24 ਫਰਵਰੀ 2022 ਨੂੰ ਹਮਲਾ ਸ਼ੁਰੂ ਕੀਤਾ ਸੀ ਅਤੇ ਇਸ ਦੇ ਬਾਅਦ ਤੋਂ ਉਹ ਯੁੱਧ 'ਚ ਪੱਛਮੀ ਦੇਸ਼ਾਂ ਦੀ ਦਖ਼ਲਅੰਦਾਜ਼ੀ ਨੂੰ ਨਿਰਾਸ਼ ਕਰਨ ਲਈ ਰੂਸ ਦੀ ਪਰਮਾਣੂ ਤਾਕਤ ਦਾ ਕਈ ਵਾਰ ਜ਼ਿਕਰ ਕਰ ਚੁੱਕੇ ਹਨ। ਪੁਤਿਨ ਨੇ ਰੂਸ ਦੀਆਂ ਹਾਲੀਆ ਸਫ਼ਲਤਾਵਾਂ ਵਿਚਾਲੇ ਕਿਹਾ ਕਿ ਮਾਸਕੋ ਨੂੰ ਯੂਕ੍ਰੇਨ 'ਚ ਜਿੱਤ ਲਈ ਪਰਮਾਣੂ ਹਥਿਆਰਾਂ ਦੇ ਇਸਤੇਮਾਲ ਦੀ ਜ਼ਰੂਰਤ ਨਹੀਂ ਹੈ ਪਰ ਯੂਰਪ 'ਚ ਖ਼ਾਸ ਕਰ ਕੇ ਛੋਟੇ ਦੇਸ਼ਾਂ ਸਮੇਤ ਨਾਟੋ ਦੇ ਮੈਂਬਰਾਂ ਦੇ ਪ੍ਰਤੀਨਿਧੀਆਂ ਨੂੰ ਇਹ ਅੰਦਾਜਾ ਹੋਣਾ ਚਾਹੀਦਾ ਕਿ ਉਹ ਕਿਸ ਨਾਲ ਖੇਡ ਰਹੇ ਹਨ।'' ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਰੂਸ ਉਨ੍ਹਾਂ 'ਤੇ ਹਮਲਾ ਕਰਦਾ ਹੈ ਤਾਂ ਅਮਰੀਕੀ ਸੁਰੱਖਿਆ 'ਤੇ ਭਰੋਸਾ ਕਰਨਾ ਉਨ੍ਹਾਂ ਦੀ ਗਲਤੀ ਹੋ ਸਕਦੀ ਹੈ। ਪੁਤਿਨ ਨੇ ਕਿਹਾ,''ਲਗਾਤਾਰ ਤਣਾਅ ਦੇ ਗੰਭੀਰ ਨਤੀਜੇ ਹੋ ਸਕਦੇ ਹਨ। ਜੇਕਰ ਯੂਰਪ 'ਚ ਇਹ ਗੰਭੀਰ ਨਤੀਜੇ ਹੁੰਦੇ ਹਨ ਤਾਂ ਰਣਨੀਤਕ ਹਥਿਆਰਾਂ ਦੇ ਮਾਮਲੇ 'ਚ ਸਾਡੀ ਸਮਰੱਥਾ ਨੂੰ ਦੇਖਦੇ ਹੋਏ ਅਮਰੀਕਾ ਕੀ ਕਦਮ ਚੁੱਕੇਗਾ? ਕਹਿਣਾ ਮੁਸ਼ਕਲ ਹੈ। ਕੀ ਉਹ ਗਲੋਬਲ ਸੰਘਰਸ਼ ਚਾਹੁੰਦੇ ਹਨ?

# ਮੈਟਾ ਦੇ CEO ਮਾਰਕ ਜ਼ੁਕਰਬਰਗ ਨੇ ਇਸ ਅੰਦਾਜ ਚ ਮਨਾਇਆ



4 ਜੁਲਾਈ ਨੂੰ ਅਮਰੀਕਾ ਦੇ ਅਜ਼ਾਦੀ ਦਿਹਾੜੇ ਮੌਕੇ 'ਤੇ ਮਸ਼ਹੂਰ ਹਸਤੀਆਂ ਨੇ ਜਸ਼ਨ ਮਨਾਏ। ਉੱਥੇ ਹੀ ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਇਕ ਹੱਥ 'ਚ ਬੀਅਰ ਦੀ ਬੋਤਲ ਅਤੇ ਦੂਜੇ ਹੱਥ 'ਚ ਇਕ ਅਮਰੀਕੀ ਝੰਡਾ ਲੈ ਕੇ ਹਾਈਡ੍ਰੋਫੋਇਲ ਕੀਤਾ ਅਤੇ ਪਾਣੀ 'ਤੇ ਚਲਦੇ ਨਜ਼ਰ ਆਇਆ। ਉਨ੍ਹਾਂ ਦੇ ਇੰਸਟਾਗ੍ਰਾਮ ਪੇਜ 'ਤੇ ਪੋਸਟ ਕੀਤੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈ ਹੈ। ਮਾਰਕ ਨੇ ਕਾਲਾ ਏਪਰਨ ਅਤੇ ਚਿੱਟੀ ਕਮੀਜ਼ ਪਾਈ ਹੋਈ ਹੈ।

ਉਸ ਨੇ ਆਪਣੀਆਂ ਅੱਖਾਂ 'ਤੇ ਕਾਲਾ ਚਸ਼ਮਾ ਪਾਇਆ ਅਤੇ ਇਕ ਸ਼ਾਨਦਾਰ ਪੋਜ਼ ਦਿੱਤਾ। ਇਸ ਵੀਡੀਓ ਨੂੰ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਪੋਸਟ ਕਰਦੇ ਹੋਏ ਉਨ੍ਹਾਂ ਨੇ ਲਿਖਿਆ 'ਹੈਪੀ ਬਰਥਡੇਅ ਅਮਰੀਕਾ'। ਜ਼ੁਕਰਬਰਗ ਨੇ 6 ਮਹੀਨੇ ਤੋਂ ਵੀ ਘੱਟ ਸਮੇਂ ਪਹਿਲਾਂ ਮਿਕਸਡ ਮਾਰਸ਼ਲ ਆਰਟਸ (MMA) ਦੀ ਸਿਖਲਾਈ ਲੈ ਰਿਹਾ ਸੀ, ਉਦੋਂ ਉਹ ਗਲਤੀ ਨਾਲ ਡਿੱਗ ਗਿਆ ਸੀ। ਉਸ ਦਾ ਗੋਡਾ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਅਤੇ ਉਸ ਦਾ ਆਪਰੇਸ਼ਨ ਹੋਇਆ। ਹਾਲ ਹੀ 'ਚ ਠੀਕ ਹੋਏ, ਮਾਰਕ ਨੇ ਆਪਣਾ 40ਵਾਂ ਜਨਮਦਿਨ ਧਮਾਕੇ ਨਾਲ ਮਨਾਇਆ। ਉਸ ਦੇ ਪ੍ਰਸ਼ੰਸਕ ਇਸ ਹਾਲੀਆ ਹਾਈਡ੍ਰੋਫੋਇਲ ਦੇ ਨਾਲ ਖੁਸ਼ੀ ਦਾ ਇਜ਼ਹਾਰ ਕਰ ਰਹੇ ਹਨ।

# 10 ਸਭ ਤੋਂ ਮਹੱਤਵਪੂਰਨ ਅਸਥਾਨ ਅਤੇ ਭਗਵਾਨ ਸ਼ਨੀਦੇਵ ਦੇ ਮੰਦਰ

ਭਗਵਾਨ ਸ਼ਨੀ ਦੇਵ ਹਿੰਦੂ ਮਿਥਿਹਾਸ ਵਿੱਚ ਸਭ ਤੋਂ ਪ੍ਰਸਿੱਧ ਦੇਵਤਿਆਂ ਵਿੱਚੋਂ ਇੱਕ ਹੈ ਅਤੇ ਕਾਂ ਪੰਛੀ ਨਾਲ ਸਬੰਧਿਤ ਹੈ। ਸ਼ਨੀ ਦੇਵ ਜਿਸ ਨੂੰ ਛਾਇਆਪੁਤਰ ਵੀ ਕਿਹਾ ਜਾਂਦਾ ਹੈ, ਨੂੰ ਸੂਰਜ ਅਤੇ ਛਾਇਆ ਦਾ ਪੁੱਤਰ ਕਿਹਾ ਜਾਂਦਾ ਹੈ, ਉਹ ਯਮ ਦਾ ਭਰਾ ਅਤੇ ਨਿਆਂ ਦਾ ਪ੍ਰਭੂ ਹੈ। ਸ਼ਨੀ ਸ਼ਿੰਗਨਾਪੁਰ ਮਹਾਰਾਸ਼ਟਰ, ਤਿਰੁਨੱਲਰ ਸ਼੍ਰੀ ਸ਼ਨੀਸ਼ਵਾਰਾ ਕੋਇਲ ਅਤੇ ਸ਼੍ਰੀ ਸ਼ਨੀ ਮੰਦਿਰ ਕੁਚਨੂਰ ਵਰਗੇ ਵੱਖ-ਵੱਖ ਖੇਤਰਾਂ ਵਿੱਚ ਸਥਿਤ ਭਾਰਤ ਵਿੱਚ ਭਗਵਾਨ ਸ਼ਨੀਦੇਵ ਦੇ ਬਹੁਤ ਸਾਰੇ ਪ੍ਰਸਿੱਧ ਮੰਦਰ ਅਤੇ ਅਸਥਾਨ ਹਨ। ਮੇਡਕ ਜ਼ਿਲ੍ਹੇ ਦੇ ਯਰਦਨੂਰ ਵਿੱਚ ਭਗਵਾਨ ਸ਼ਨੀ ਦੀ 20 ਫੁੱਟ ਉੱਚੀ ਮੂਰਤੀ ਹੈ, ਉਡੁਪੀ ਵਿੱਚ ਬਨੰਜੇ ਵਿੱਚ ਸ਼ਨੀ ਦੀ 23 ਫੁੱਟ ਉੱਚੀ ਮੂਰਤੀ ਹੈ ਅਤੇ ਦਿੱਲੀ ਦੇ ਸ਼ਨੀ ਧਾਮ ਮੰਦਰ ਵਿੱਚ ਸ਼ਨੀ ਦੀ ਦੁਨੀਆ ਦੀ ਸਭ ਤੋਂ ਉੱਚੀ ਮੂਰਤੀ ਹੈ। ਭਾਰਤ ਵਿੱਚ ਸ਼ਨੀਦੇਵ ਦੇ ਹੋਰ ਪ੍ਰਸਿੱਧ ਮੰਦਰਾਂ ਵਿੱਚ ਸ਼ਨੀ ਮੰਦਰ ਰਾਏਗੜ੍ਹ, ਸ਼ਨੀ ਮੰਦਰ ਇੰਦੌਰ, ਨਵਗ੍ਰਹਿ ਸ਼ਨੀ ਮੰਦਰ ਪੁਣੇ ਅਤੇ ਸ਼ਨੀ ਧਾਮ ਸ਼ਨੀ ਮੰਦਰ ਨਾਗਪੁਰ ਹਨ।



ਸ਼ਨੀ ਸ਼ਿੰਗਨਾਪੁਰ ਅਹਿਮਦਨਗਰ ਦੇ ਨੇਵਾਸਾ ਤਾਲੁਕਾ ਦਾ ਇੱਕ ਪਿੰਡ ਹੈ ਅਤੇ ਭਾਰਤ ਵਿੱਚ ਸ਼ਨੀ ਦੇਵ ਦੇ ਸਭ ਤੋਂ ਪ੍ਰਸਿੱਧ ਮੰਦਰ ਲਈ ਜਾਣਿਆ ਜਾਂਦਾ ਹੈ। ਸ਼ਨੀ ਦੇਵ ਦਾ ਅਸਥਾਨ ਇੱਕ ਖੁੱਲੇ-ਹਵਾ ਪਲੇਟਫਾਰਮ 'ਤੇ ਇੱਕ ਸਾਢੇ ਪੰਜ ਫੁੱਟ ਉੱਚੀ ਕਾਲੀ ਚੱਟਾਨ ਹੈ, ਇਹ ਸ਼ਨੀਸ਼ਵਰ ਦੀ ਇੱਕ ਸਵੈਂਭੂ ਮੂਰਤੀ ਹੈ।



ਦਿੱਲੀ ਦੇ ਛੱਤਰਪੁਰ ਰੋਡ 'ਤੇ ਸਥਿਤ ਸ਼ਨੀ ਧਾਮ ਮੰਦਿਰ ਭਗਵਾਨ ਸ਼ਨੀ ਦੇ ਸ਼ਰਧਾਲੂਆਂ ਲਈ ਮੁੱਖ ਆਕਰਸ਼ਣ ਹੈ। ਮੰਦਰ ਵਿੱਚ ਪ੍ਰਮੁੱਖ ਦੇਵਤੇ ਵਜੋਂ ਸ਼ਨੀ ਦੇਵ ਦੀ ਕੁਦਰਤੀ ਚੱਟਾਨ ਦੀ ਮੂਰਤੀ ਹੈ ਅਤੇ ਭਗਵਾਨ ਸ਼ਨੀ ਦੀ ਵਿਸ਼ਵ ਦੀ ਸਭ ਤੋਂ ਉੱਚੀ ਮੂਰਤੀ ਦੀ ਮੇਜ਼ਬਾਨੀ ਵੀ ਕੀਤੀ ਗਈ ਹੈ।



ਟਿਟਵਾਲਾ ਵਿਖੇ ਸ਼ਨੀ ਮੰਦਿਰ ਠਾਣੇ ਜ਼ਿਲ੍ਹੇ ਵਿੱਚ ਸ਼ਨੀਦੇਵ ਦਾ ਇੱਕ ਹੋਰ ਪ੍ਰਸਿੱਧ ਮੰਦਰ ਹੈ। ਟਿਟਵਾਲਾ ਦੋ ਪਵਿੱਤਰ ਤੀਰਥ ਸਥਾਨਾਂ ਲਈ ਮਸ਼ਹੂਰ ਹੈ।



ਦੇਵਨਾਰ ਦਾ ਸ਼ਨੀ ਮੰਦਰ ਦੇਵਨਾਰ ਮੁੰਬਈ ਵਿੱਚ ਸ਼ਿਵਾਜੀ ਦੀ ਮੂਰਤੀ ਦੇ ਨੇੜੇ ਸਥਿਤ ਹੈ, ਇਸ ਮੰਦਰ ਨੂੰ ਸ਼੍ਰੀ ਸਨੇਸ਼ਵਰ ਮੰਦਰ ਵੀ ਕਿਹਾ ਜਾਂਦਾ ਹੈ ਅਤੇ ਮਹਾਰਾਸ਼ਟਰ ਵਿੱਚ ਭਗਵਾਨ ਸ਼ਨੀ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ।



ਭਗਵਾਨ ਸ਼ਨੀ ਦਾ ਸ਼੍ਰੀ ਸ਼ਨੀਚਰਾ ਮੰਦਰ ਮੱਧ ਪ੍ਰਦੇਸ਼ ਦੇ ਮੋਰੇਨਾ ਜ਼ਿਲ੍ਹੇ ਵਿੱਚ ਸਥਿਤ ਭਾਰਤ ਦੇ ਸਭ ਤੋਂ ਮਸ਼ਹੂਰ ਮੰਦਰਾਂ ਵਿੱਚੋਂ ਇੱਕ ਹੈ। ਮੰਦਰ ਵਿੱਚ ਪਵਿੱਤਰ ਪਾਣੀ ਦਾ ਤਲਾਅ ਅਤੇ ਭਗਵਾਨ ਸ਼ਨੀ ਦੀ ਪ੍ਰਾਚੀਨ ਕਾਲੇ ਪੱਥਰ ਦੀ ਮੂਰਤੀ ਹੈ। ਮੋਰੇਨਾ ਏਕਾਤਰਸੋ ਮਹਾਦੇਵ ਮੰਦਰ, ਚੌਸਠ ਯੋਗਿਨੀ ਮੰਦਰ ਅਤੇ ਕਾਕਨਮਥ ਮੰਦਰ ਲਈ ਵੀ ਮਸ਼ਹੂਰ ਹੈ।



ਮੰਡੇਸ਼ਵਰ ਸਵਾਮੀ ਮੰਦਿਰ ਆਂਧਰਾ ਪ੍ਰਦੇਸ਼ ਦੇ ਪੂਰਬੀ ਗੋਦਾਵਰੀ ਜ਼ਿਲ੍ਹੇ ਵਿੱਚ ਮੰਡਪੱਲੀ ਵਿੱਚ ਸਥਿਤ ਹੈ ਅਤੇ ਰਾਜ ਵਿੱਚ ਸਭ ਤੋਂ ਪ੍ਰਸਿੱਧ ਸ਼ਨੀ ਮੰਦਰ ਹੈ। ਮੰਦਰ ਕੰਪਲੈਕਸ ਵਿੱਚ ਸ਼ਨੀ-ਸਨੇਸ਼ਵਰ ਦਾ ਇੱਕ ਮੰਦਰ ਹੈ ਅਤੇ ਇਹ ਛੋਟਾ ਜਿਹਾ ਮੰਦਰ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ।

ਭਗਵਾਨ ਸ਼ਨੀ ਨੂੰ ਸਮਰਪਿਤ ਤੀਰੁਨੱਲਰ ਸੰਨੀਸਵਰਨ ਮੰਦਰ ਪਾਂਡੀਚੇਰੀ ਦੇ ਕਰਾਈਕਲ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਮੰਦਰ ਨੂੰ ਭਾਰਤ ਵਿੱਚ ਸ਼ਨੀ ਗ੍ਰਹਿ ਦੇ ਨਵਗ੍ਰਹਿ ਮੰਦਰਾਂ ਵਿੱਚੋਂ ਇੱਕ ਵਜੋਂ ਵੀ ਗਿਣਿਆ ਜਾਂਦਾ ਹੈ।





ਸਨੇਸਵਾਰਾ ਭਗਵਾਨ ਮੰਦਰ, ਤਾਮਿਲਨਾਡੂ ਕੁਚਨੂਰ ਸਨੀਸਵਰਾ ਭਗਵਾਨ ਮੰਦਰ ਚੇਨਈ ਦੇ ਨੇੜੇ ਭਗਵਾਨ ਸ਼ਨੀ ਨੂੰ ਸਮਰਪਿਤ ਇਕਲੌਤਾ ਮੰਦਰ ਹੈ। ਇਹ ਮੰਦਰ ਸੁੰਦਰ ਮੰਦਰਾਂ ਵਿੱਚੋਂ ਇੱਕ ਹੈ ਅਤੇ ਚੇਨਈ ਦੇ ਨਵਗ੍ਰਹਿ ਮੰਦਰਾਂ ਵਿੱਚੋਂ ਇੱਕ ਹੈ। ਤਿਰੁਨੱਲਰ ਸਨੀਸਵਰਨ ਮੰਦਰ ਵੀ ਦੱਖਣੀ ਭਾਰਤ ਦਾ ਸਭ ਤੋਂ ਮਸ਼ਹੂਰ ਭਗਵਾਨ ਸ਼ਨੀ ਮੰਦਰ ਹੈ ਅਤੇ ਇਸ ਨੂੰ